Adda247 GET IT ON Google Play

Exam Date - 20.10.22

प्रश्न पुस्तिका संख्या / Question Booklet No. 6602229

पुस्तिका में पृष्ठों की संख्या : 16
No. of Pages in Booklet : 16

पुस्तिका में प्रश्नों की संख्या : 150
No. of Questions in Booklet : 150

Paper Code : 18

# LS-22

SUBJECT : **Punjabi**

समय : **3.00** घण्टे
Time: **3.00** Hours

## Paper-II

अधिकतम अंक : **300**
Maximum Marks: **300**

**प्रश्न पुस्तिका के पेपर सील/पॉलिथिन बैग को खोलने पर परीक्षार्थी यह सुनिश्चित कर लें कि प्रश्न पुस्तिका संख्या तथा ओ.एम.आर. उत्तर–पत्रक पर अंकित बारकोड समान हैं। इसमें कोई भिन्नता हो, तो परीक्षार्थी वीक्षक से दूसरा प्रश्न–पत्र प्राप्त कर लें। ऐसा सुनिश्चित करने की जिम्मेदारी अभ्यर्थी की होगी।**

**On opening the paper seal/ polythene bag of the Question Booklet the candidate should ensure that Question Booklet Number and Barcode of OMR Answer Sheet must be same. If there is any difference, candidate must obtain another Question Booklet from Invigilator. Candidate himself shall be responsible for ensuring this.**

## परीक्षार्थियों के लिए निर्देश

1. सभी प्रश्नों के उत्तर दीजिए।
2. सभी प्रश्नों के अंक समान हैं।
3. प्रत्येक प्रश्न का केवल एक ही उत्तर दीजिए।
4. एक से अधिक उत्तर देने की दशा में प्रश्न के उत्तर को गलत माना जाएगा।
5. प्रत्येक प्रश्न के चार वैकल्पिक उत्तर दिये गये हैं, जिन्हें क्रमशः **1, 2, 3, 4** अंकित किया गया है। अभ्यर्थी को सही उत्तर निर्दिष्ट करते हुए उनमें से केवल एक गोले अथवा बबल को उत्तर–पत्रक पर **नीले बॉल प्वॉइंट पेन** से गहरा करना है।
6. **OMR** उत्तर–पत्रक इस परीक्षा पुस्तिका के अन्दर रखा है। जब आपको परीक्षा पुस्तिका खोलने को कहा जाए, तो उत्तर–पत्रक निकाल कर ध्यान से केवल **नीले बॉल प्वॉइंट पेन** से विवरण भरें।
7. **प्रत्येक गलत उत्तर के लिए प्रश्न अंक का 1/3 भाग काटा जायेगा।** गलत उत्तर से तात्पर्य अशुद्ध उत्तर अथवा किसी भी प्रश्न के एक से अधिक उत्तर से है। किसी भी प्रश्न से संबंधित गोले या बबल को खाली छोड़ना गलत उत्तर नहीं माना जायेगा।
8. मोबाइल फोन अथवा इलेक्ट्रॉनिक यंत्र का परीक्षा हॉल में प्रयोग पूर्णतया वर्जित हैं। यदि किसी अभ्यर्थी के पास ऐसी कोई वर्जित सामग्री मिलती है, तो उसके विरुद्ध आयोग द्वारा नियमानुसार कार्यवाही की जायेगी।
9. कृपया अपना रोल नम्बर ओ.एम.आर. पत्रक पर सावधानी पूर्वक सही भरें। गलत अथवा अपूर्ण रोल नम्बर भरने पर **5 अंक** कुल प्राप्तांकों में से काटे जा सकते हैं।
10. यदि किसी प्रश्न में किसी प्रकार की कोई मुद्रण या तथ्यात्मक प्रकार की त्रुटि हो, तो प्रश्न के हिन्दी तथा अंग्रेज़ी रूपान्तरों में से अंग्रेज़ी रूपान्तर मान्य होगा।

**चेतावनी** : अगर कोई अभ्यर्थी नकल करते पकड़ा जाता है या उसके पास से कोई अनधिकृत सामग्री पाई जाती है, तो उस अभ्यर्थी के विरुद्ध पुलिस में प्राथमिकी दर्ज कराते हुए विविध नियमों–प्रावधानों के तहत कार्यवाही की जाएगी। साथ ही विभाग ऐसे अभ्यर्थी को भविष्य में होने वाली विभाग की समस्त परीक्षाओं से विवर्जित कर सकता है।

## INSTRUCTIONS FOR CANDIDATES

1. Answer all questions.
2. All questions carry equal marks.
3. Only one answer is to be given for each question.
4. If more than one answers are marked, it would be treated as wrong answer.
5. Each question has four alternative responses marked serially as **1, 2, 3, 4**. You have to darken only one circle or bubble indicating the correct answer on the Answer Sheet using **BLUE BALL POINT PEN.**
6. The **OMR** Answer Sheet is inside this Test Booklet. When you are directed to open the Test Booklet, take out the Answer Sheet and fill in the particulars carefully with **blue ball point pen** only.
7. **1/3 part of the mark(s) of each question will be deducted for each wrong answer.** A wrong answer means an incorrect answer or more than one answers for any question. Leaving all the relevant circles or bubbles of any question blank will not be considered as wrong answer.
8. Mobile Phone or any other electronic gadget in the examination hall is strictly prohibited. A candidate found with any of such objectionable material with him/her will be strictly dealt as per rules.
9. Please correctly fill your Roll Number in O.M.R. Sheet. **5 Marks** can be deducted for filling wrong or incomplete Roll Number.
10. If there is any sort of ambiguity/mistake either of printing or factual nature, then out of Hindi and English Version of the question, the English Version will be treated as standard.

**Warning :** If a candidate is found copying or if any unauthorized material is found in his/her possession, F.I.R. would be lodged against him/her in the Police Station and he/she would liable to be prosecuted. Department may also debar him/her permanently from all future examinations.

**इस परीक्षा पुस्तिका को तब तक न खोलें जब तक कहा न जाए।**

**Do not open this Test Booklet until you are asked to do so.**

Adda247

Test Prime

ALL EXAMS, ONE SUBSCRIPTION

80,000+ Mock Tests

Personalised Report Card

Unlimited Re-Attempt

600+ Exam Covered

20,000+ Previous Year Papers

500% Refund

NABARD

ATTEMPT FREE MOCK NOW

Adda247
GET IT ON Google Play

ਹੇਠ ਲਿਖੇ ਪ੍ਰਸ਼ਨ ਨੰ. 1 ਤੋਂ 5 ਤੱਕ ਕਾਵਿ-ਅੰਸ਼ ਉੱਪਰ ਆਧਾਰਿਤ ਹਨ:

ਨੀ ਅੱਜ ਕੋਈ ਆਇਆ ਸਾਡੇ ਵੇਹੜੇ, ਤੱਕਣ ਚੰਨ ਸੂਰਜ ਢੁੱਕ-ਢੁੱਕ ਨੇੜੇ।
ਲੱਸੇ ਨੀ ਉਹਦਾਂ ਮੱਥਾਂ ਤਾਰਿਆਂ ਵਾਂਗੂ, ਆਇਆ ਨੀ ਖ਼ੌਰੇ ਅੰਬਰ ਘੁੰਮ ਘੁੰਮ ਕਿਹੜੇ।
ਚੁੰਮੋ ਨੀ ਇਹਦੇ ਹੱਥ ਚੰਬੇ ਦੀਆਂ ਕਲੀਆਂ, ਧੋਵੋ ਨੀ ਇਹਦੇ ਪੈਰ ਮਖਣ ਦੇ ਪੇੜੇ।
ਰੱਖੋ ਨੀ ਇਹਨੂੰ ਚੁੱਕ-ਚੁੱਕ ਚਸ਼ਮਾਂ ਉੱਤੇ, ਕਰੋ ਨੀ ਇਹਨੂੰ ਘੁੱਟ-ਘੁੱਟ ਜਿੰਦ ਦੇ ਨੇੜੇ
ਪੁੱਛੋ ਨਾ ਇਹ ਕੌਣ ਤੇ ਕਿਥੋਂ ਆਇਆ, ਤੱਕੋ ਨੀ ਇਹਦਾ ਰੂਪ ਭਲਾ ਸਭ ਝੇੜੇ।
ਨੀ ਅੱਜ ਕੋਈ ਆਇਆ ਸਾਡੇ ਵੇਹੜੇ...।

1. ਉਪਰੋਕਤ ਕਾਵਿ-ਬੰਧ ਵਿਚ ਪੇਸ਼ ਰਸ ਦੀ ਵੰਨਗੀ ਹੈ –
   1 ਸ਼ਿੰਗਾਰ  2 ਬੀਭਤਸ
   3 ਅਦਭੁਤ  4 ਕਰੁਣਾ
2. ਉਪਰੋਕਤ ਕਾਵਿ-ਬੰਧ ਵਿਚ ਆਏ ਸ਼ਬਦ 'ਢੁੱਕ-ਢੁੱਕ' 'ਚੁੱਕ-ਚੁੱਕ' 'ਘੁੱਟ-ਘੁੱਟ' ਕਿਹੜੀ ਵਿਆਕਰਨਿਕ ਵੰਨਗੀ ਅੰਤਰਗਤ ਆਉਂਦੇ ਹਨ –
   1 ਵਾਚ  2 ਸੰਧੀ
   3 ਕਾਰਕ  4 ਸਮਾਸ
3. "ਲੱਸੇ ਨੀ ਉਹਦਾਂ ਮੱਥਾਂ ਤਾਰਿਆਂ ਵਾਂਗੂ।" ਇਸ ਸਤਰ ਦੀ ਅਲੰਕਾਰ ਵੰਨਗੀ ਹੈ –
   1 ਅਨੁਪ੍ਰਾਸ  2 ਦ੍ਰਿਸ਼ਟਾਂਤ
   3 ਰੂਪਕ  4 ਉਪਮਾ
4. ਉਪਰੋਕਤ ਕਾਵਿ-ਬੰਧ ਦੀ ਪ੍ਰਮੁੱਖ ਸੁਰ ਹੈ –
   1 ਬਿਰਤਾਂਤਕ  2 ਮਹਾਂਕਾਵਿਕ
   3 ਪ੍ਰਗੀਤਕ  4 ਨਾਟਕੀ
5. "ਰੱਖੋ ਨੀ ਇਹਨੂੰ ਚੁੱਕ-ਚੁੱਕ ਚਸ਼ਮਾਂ ਉੱਤੇ।" ਇਸ ਸਤਰ ਵਿਚ ਵਰਣਿਤ ਸ਼ਬਦ 'ਚਸ਼ਮਾ' ਤੋਂ ਭਾਵ ਹੈ –
   1 ਝਰਨਾ  2 ਅੱਖਾਂ
   3 ਐਨਕ  4 ਗਵਾਹ
6. ਅਬਲ ਫ਼ਜ਼ਲ ਦੇ 'ਅਕਬਰਨਾਮਾ' ਦਾ ਪੰਜਾਬੀ ਅਨੁਵਾਦ ਕਵੀ ਰਾਮ ਨੇ 1823 ਈ. ਵਿਚ ਕੀਤਾ ਅਤੇ ਉਸ ਦਾ ਨਾਂ ਰੱਖਿਆ –
   1 ਸੁਮਤਿ ਪ੍ਰਕਾਸ਼  2 ਸੁਨੀਤਿ ਪ੍ਰਕਾਸ਼
   3 ਆਇਨੇ ਅਕਬਰੀ  4 ਇਖਲਾਕਿ ਮੋਹਸਨੀਨ
7. "ਲਸ ਜ਼ਮੀਨ ਹੈ ਬਹੁਤ ਸੁਹਾਣੂ ਮਲਹਰ ਮੀਂਹ ਨ ਮੰਗੈ ਪਾਣੀ" ਅਖਾਣ ਦੀ ਭਾਵ –
   1 ਜ਼ਰਖੇਜ਼ ਜ਼ਮੀਨ ਚੰਗੀ, ਰੂੜੀ ਤੇ ਪਾਣੀ ਦੀ ਲੋੜ ਨਹੀਂ ।  2 ਰੇਤਲੀ ਜ਼ਮੀਨ ਚੰਗੀ, ਰੂੜੀ ਤੇ ਪਾਣੀ ਦੀ ਲੋੜ ਨਹੀਂ
   3 ਖ਼ੁਸ਼ਕ ਜ਼ਮੀਨ ਚੰਗੀ, ਰੂੜੀ ਤੇ ਪਾਣੀ ਦੀ ਲੋੜ ਨਹੀਂ ।  4 ਦਰੀਆ ਦੇ ਨੇੜਲੀ ਜ਼ਮੀਨ ਚੰਗੀ, ਰੂੜੀ ਤੇ ਪਾਣੀ ਦੀ ਲੋੜ ਨਹੀਂ
8. ਕਿਹੜਾ ਨੇਮ, ਸਿੱਖਣ ਦੇ ਗੈਸਟਾਲਟ ਦ੍ਰਿਸ਼ਟੀਕੋਣ ਦਾ ਭਾਗ ਹੈ –
   1 ਵਰਤੋਂ ਦਾ ਨੇਮ  2 ਨੇੜਤਾ ਦਾ ਨੇਮ
   3 ਪ੍ਰਭਾਵ ਦਾ ਨੇਮ  4 ਅਭਿਆਸ ਦਾ ਨੇਮ
9. ਪ੍ਰਿੰ. ਸੰਤ ਸਿੰਘ ਸੇਖੋਂ ਰਚਿਤ ਆਲੋਚਨਾ ਪੁਸਤਕ ਹੈ –
   1 ਸਮਦਰਸ਼ਨ  2 ਸਮੀਖਿਆ ਪ੍ਰਣਾਲੀਆਂ
   3 ਖ਼ਾਮੋਸ਼ੀ ਦਾ ਜ਼ਜ਼ੀਰਾ  4 ਸਾਹਿਤਕੀ
10. ਸ਼ਰਧਾ ਰਾਮ ਫਿਲੌਰੀ ਰਚਿਤ ਪੁਸਤਕਾਂ 'ਸਿਖਾਂ ਦੇ ਰਾਜ ਦੀ ਵਿਥਿਆ' ਅਤੇ 'ਪੰਜਾਬੀ ਬਾਤਚੀਤ' ਦੀ ਭਾਸ਼ਾ, ਪੰਜਾਬੀ ਦੀਆਂ ਉਪਭਾਸ਼ਵਾਂ ਦਾ ਮਿਸ਼ਰਣ ਹੈ –
   1 ਮਾਲੀ ਤੇ ਦੁਆਬੀ  2 ਮਲਵਈ ਤੇ ਦੁਆਬੀ
   3 ਦੁਆਬੀ ਤੇ ਪੁਆਧੀ  4 ਮਾਲੀ ਤੇ ਪੁਆਧੀ

Adda247 GET IT ON Google Play

11. ਜਾਂ ਪਿਆਜ਼ੇ (Jean Piaget) ਅਨੁਸਾਰ ਸਮੱਸਿਆ ਸਮਾਧਾਨ ਦੀ ਯੋਗਤਾ ਵਧੇਰੇ ਵਿਵਸਥਿਤ ਹੁੰਦੀ ਹੈ –
1 ਸੰਵੇਦਕ ਗਤੀ ਅਵਸਥਾ ਵਿਚ
2 ਪੂਰਵ ਕਿਰਿਆਸ਼ੀਲ ਅਵਸਥਾ ਵਿਚ
3 ਰਸਮੀ ਕਿਰਿਆਸ਼ੀਲ ਅਵਸਥਾ ਵਿਚ
4 ਮੌਖਿਕ ਅਵਸਥਾ ਵਿਚ

12. ਪੰਜਾਬੀ ਦੀ ਕਿਹੜੀ ਉਪਬੋਲੀ ਦੀਆਂ ਬਣਤਰਾਂ ਵਿਆਕਰਨ ਦੀ ਦ੍ਰਿਸ਼ਟੀ ਤੋਂ ਦੂਜੀਆਂ ਉਪਬੋਲੀਆਂ ਦੀ ਤੁਲਨਾ ਵਿਚ ਵੱਖਰੀਆਂ ਹਨ–
1 ਪੁਆਧੀ
2 ਮਾਝੀ
3 ਮਾਲਵੀ
4 ਦੋਆਬੀ

13. ਪੰਜਾਬੀ – ਧੁਨੀਆਂ ਨੂੰ ਵਿਸ਼ਲੇਸ਼ਣ ਕਰਨ ਵਾਲੀਆਂ ਵਿਧੀਆਂ –
1 ਫੋਨ ਤੇ ਫੋਨੀਮ
2 ਉਚਾਰ ਖੰਡ ਤੇ ਧੁਨੀਗ੍ਰਾਮ
3 ਖੰਡੀ ਤੇ ਅਖੰਡੀ ਧੁਨੀਆਂ
4 ਸਵਰ ਤੇ ਵਿਅੰਜਨ ਧੁਨੀਆਂ

14. ਹਉਮੈ ਦੀਰਘੁ ਰੋਗ ਹੈ ਦਾਰੂ ਭੀ ਇਸਿ ਮਾਹਿ॥ ਉਪਰੋਕਤ ਸਤਰਾਂ ਕਿਸ ਗੁਰੂ ਸਾਹਿਬਾਨ ਦੁਆਰਾ ਉਚਰਿਤ ਹਨ –
1 ਗੁਰੂ ਨਾਨਕ ਦੇਵ ਜੀ
2 ਗੁਰੂ ਅੰਗਦ ਦੇਵ ਜੀ
3 ਗੁਰੂ ਰਾਮਦਾਸ ਜੀ
4 ਗੁਰੂ ਅਰਜਨ ਦੇਵ ਜੀ

15. ਹੇਠ ਲਿਖੇ ਵਿਚੋਂ ਇਤਿਹਾਸਕ ਨਾਟਕ ਦੀ ਵੰਨਗੀ ਨਹੀਂ ਹੈ –
1 ਕੱਲ੍ਹ ਅੱਜ ਤੇ ਭਲਕ
2 ਮੋਇਆਂ ਸਾਰ ਨ ਕਾਚੀ
3 ਚਮਕੌਰ ਦੀ ਗੜ੍ਹੀ
4 ਇਤਿਹਾਸ ਜਵਾਬ ਮੰਗਦਾ ਹੈ

16. ਪਾਰਖੰਡੀ ਧੁਨੀਆਂ ਆਸ਼੍ਰਿਤ ਹੁੰਦੀਆਂ ਹਨ –
1 ਖੰਡੀ ਧੁਨੀਆਂ
2 ਅਖੰਡੀ ਧੁਨੀਆਂ
3 ਖੰਡੀ ਤੇ ਅਖੰਡੀ ਧੁਨੀਆਂ
4 ਆਜ਼ਾਦ ਧੁਨੀਆਂ

17. ਗੁਰਮੁਖੀ ਲਿਪੀ ਦੇ ਮੌਲਿਕ ਵਿਰਾਮ ਚਿੰਨ੍ਹ ਹਨ –
1 ਇਕ ਡੰਡੀ ਤੇ ਦੋ ਡੰਡੀਆਂ
2 ਇਕ ਡੰਡੀ ਤੇ ਬਿੰਦੀ
3 ਕੇਵਲ ਬਿੰਦੀ
4 ਦੋ ਡੰਡੀਆਂ ਤੇ ਬਿੰਦੀ

18. 'ਅਨੁਕਰਨ' ਦੀ ਵਰਤੋਂ ਕਲਾ ਦੇ ਪ੍ਰਸੰਗ ਵਿਚ ਸਭ ਤੋਂ ਪਹਿਲਾਂ ਕਿਸਨੇ ਕੀਤੀ ਕਾਵਿ-ਸੰਗ੍ਰਹਿ ਵਿੱਚ ਦਰਜ ਹੈ –
1 ਅਰਸਤੂ
2 ਪਲੈਟੋ
3 ਸੁਕਰਾਤ
4 ਲੌਂਜਾਈਨਸ

19. ਇਹਨਾਂ ਵਿੱਚੋਂ ਕਿਹੜਾ ਨਾਵਲ ਚਿੱਠੀਆਂ ਦੇ ਰੂਪ ਵਿਚ ਲਿਖਿਆ ਗਿਆ ਹੈ:
1 ਵਾਟ ਹਮਾਰੀ
2 ਪਿਊ ਪੁੱਤਰ
3 ਸੁਮਨ ਕਾਂਤਾ
4 ਕੋਠੇ ਖੜਕ ਸਿੰਘ

20. ਭਾਸ਼ਾ ਦੇ ਦੂਹਰੇ ਉਚਾਰਨ ਦਾ ਸੰਕਲਪ ਪੇਸ਼ ਕੀਤਾ –
1 ਆਂਦਰੇ ਮਾਰਤੀਨੇ
2 ਬਲੂਮ ਫੀਲਡ
3 ਮੌਸਿਊਰ
4 ਲੌਨਜਾਈਨਸ

21. ਕਿਹੜੇ ਆਧੁਨਿਕ ਪੰਜਾਬੀ ਕਵੀ ਦੀ ਸ਼ਾਇਰੀ ਵਿਚ ਲੋਕਧਾਰਾ ਦੀ ਸਮੱਗਰੀ ਦੀ ਭਰਮਾਰ ਹੈ। ਉਸਦੇ ਕਾਵਿ ਦੀ ਸੁਰ ਲੋਕ-ਕਾਵਿ ਵਰਗੀ ਹੈ –
1 ਸ. ਸ. ਸੀਸ਼ਾ
2 ਸ਼ਿਵ ਕੁਮਾਰ ਬਟਾਲਵੀ
3 ਡਾ. ਹਰਿਭਜਨ ਸਿੰਘ
4 ਦੀਵਾਨ ਸਿੰਘ ਕਾਲੇਪਾਣੀ

22. 'ਪੰਜਾਬ ਦੇ ਕੋਹਿਨੂਰ' ਪੁਸਤਕ ਦੇ ਰਚੈਤਾ ਹਨ –
1 ਪਿਆਰਾ ਸਿੰਘ ਪਦਮ
2 ਡਾ. ਮਹਿੰਦਰ ਸਿੰਘ ਰੰਧਾਵਾ
3 ਪ੍ਰੋ. ਪ੍ਰੀਤਮ ਸਿੰਘ
4 ਪ੍ਰਿੰ. ਸ਼ਰਵਣ ਸਿੰਘ

Adda247 GET IT ON Google Play

23. ਅਨੁਪ੍ਰਾਸ-ਯੁਕਤ ਨਿੱਕੇ-ਨਿੱਕੇ ਵਾਕ, ਕਾਵਿਸ਼ਰੀ ਰੰਗਣ, ਸ਼ਬਦਾਂ ਦੀ ਸੰਗੀਤਾਮਕ ਗੋਂਦ, ਰਵਾਨੀ, ਸੰਜਮ ਅਤੇ ਸਰਲਤਾ, ਕਿਸ ਗੱਧ-ਸਾਹਿਤ ਰੂਪਾਕਾਰ ਦੀ ਸ਼ੈਲੀ ਦੇ ਪ੍ਰਮੁੱਖ ਲੱਛਣ ਹਨ –

1 ਅਸ਼ਟਪਦੀ
2 ਸਫ਼ਰਨਾਮਾ
3 ਰੇਖਾ-ਚਿੱਤਰ
4 ਜਨਮਸਾਖੀ

24. ਗ਼ੈਰ-ਭਾਸ਼ਾਈ ਸੰਚਾਰ ਵਿਚ ਸ਼ਾਮਿਲ ਨਹੀਂ ਹੈ –

1 ਇਸ਼ਾਰੇ
2 ਸ਼ਬਦ
3 ਧੁਨੀ ਪ੍ਰਤੀਕ
4 ਚਿਹਰੇ ਦੇ ਹਾਵ-ਭਾਵ

25. ਪੰਜਾਬੀ ਦੀਆਂ ਉਪਭਾਸ਼ਾਵਾਂ ਦੀ ਸਹੀ ਤੇ ਵਿਗਿਆਨਿਕ ਨਿਸ਼ਾਨਦੇਹੀ ਕਿਸ ਵਿਦਵਾਨ ਨੇ ਕੀਤੀ –

1 ਡਾ. ਹਰਕੀਰਤ ਸਿੰਘ
2 ਡਾ. ਹਰਜੀਤ ਗਿੱਲ
3 ਡਾ. ਬਲਵੀਰ ਸੰਧੂ
4 ਡਾ. ਪ੍ਰੇਮ ਪ੍ਰਕਾਸ਼

26. ਅਧਿਆਪਨ ਦਾ 'ਪੁੱਛਗਿੱਛ ਸਿਖਲਾਈ ਮਾਡਲ' (Inquiry Training Model) ਕਿਸ ਨੇ ਵਿਕਸਿਤ ਕੀਤਾ –

1 ਬਰੂਨਰ (Bruner)
2 ਗੈਨੇ (Gagne)
3 ਸੱਚਮੈਨ (Suchman)
4 ਪਿਆਜ਼ੇ (Piaget)

27. 'ਬਾਲੂ ਰੇਤ ਤਪੇ ਵਿਚ ਥਲ ਦੇ, ਜਿਉਂ ਜੌਂ ਭੁੰਨਣ ਭਠਿਆਰੇ'
ਉਪਰੋਕਤ ਤੁਕ ਵਿਚ ਕਿਹੜਾ ਅਲੰਕਾਰ ਹੈ –

1 ਰੂਪਕ
2 ਅਨੁਪ੍ਰਾਸ
3 ਉਪਮਾ
4 ਇਹਨਾਂ ਵਿਚੋਂ ਕੋਈ ਨਹੀਂ

28. ਮਾਰਕਸਵਾਦੀ ਹੋਣਾ ਗੌਰਵ ਵਾਲੀ ਗੱਲ ਹੈ, ਸੰਰਚਨਾਵਾਦੀ ਹੋਣਾ ਨਾ ਗੌਰਵ ਦੀ ਗੱਲ ਹੈ ਨਾ ਮਿਹਣੇ ਦੀ।' ਇਹ ਧਾਰਨਾ ਕਿਸ ਚਿੰਤਕ ਦੀ ਹੈ –

1 ਤਰਲੋਕ ਸਿੰਘ ਕੰਵਰ
2 ਸੰਤ ਸਿੰਘ ਸੇਖੋਂ
3 ਡਾ. ਅਤਰ ਸਿੰਘ
4 ਡਾ. ਹਰਿਭਜਨ ਸਿੰਘ

29. ਫੋਕਟੁ ਆਵੈ ਫੋਕਟੁ ਜਾਈ, ਫੋਕਟੁ ਬੋਲੇ ਫੋਕਟੁ ਥਾਈ, ਫੋਕਟੁ ਬੈਠਾ ਕਰੇ ਬਿਵਾਦੁ ....
ਉਪਰੋਕਤ ਸਤਰਾਂ ਦਾ ਲੇਖਕ ਕੌਣ ਹੈ:

1 ਚੌਰੰਗੀ ਨਾਥ
2 ਗੋਰਖ ਨਾਥ
3 ਚਰਪਟ ਨਾਥ
4 ਇਨਹਾਂ ਵਿਚੋਂ ਕੋਈ ਨਹੀਂ

30. ਭਾਸ਼ਾ ਵਿਗਿਆਨਿਕ ਅੰਤਰਗਤ ਤੋਂ ਭਾਸ਼ਾ ਅਧਿਐਨ ਲਈ ਪਹਿਲੂ ਹਨ –

1 ਇਤਿਹਾਸਕ ਤੇ ਸਮਕਾਲੀ ਅਧਿਐਨ
2 ਰੂਪ ਤੇ ਅਰਥ ਅਧਿਐਨ
3 ਅਣਇਤਿਹਾਸਕ ਤੇ ਤਤਕਾਲੀ ਅਧਿਐਨ
4 ਸੰਰਚਨਾਤਮਕ ਤੇ ਸਮਕਾਲੀ ਅਧਿਐਨ

31. ਧੁਨੀ ਵਿਉਂਤਕ ਅਧਿਅਨ ਵੇਲੇ ਧਿਆਨ ਰੱਖਿਆ ਜਾਂਦਾ ਹੈ –

1 ਧੁਨੀ ਵਿਉਂਤ ਦਾ ਸੰਬੰਧ ਨਾਂ ਨਾਲ ਹੈ
2 ਧੁਨੀ ਵਿਉਂਤ ਦਾ ਸੰਬੰਧ ਭੌਤਿਕ ਸਰੂਪ ਨਾਲ ਹੈ
3 ਧੁਨੀ ਵਿਉਂਤ ਦਾ ਸੰਬੰਧ ਨਾਂ ਅਤੇ ਸ਼ਕਲ ਨਾਲ ਹੈ
4 ਧੁਨੀ ਵਿਉਂਤ ਦਾ ਸੰਬੰਧ ਧੁਨੀ ਦੇ ਪ੍ਰਕਾਰਜੀ ਵਰਤਾਰੇ ਨਾਲ ਹੈ।

32. 'ਭਾਉ ਭਗਤਿ ਭਉ ਭੇਲ, ਸਾਧ ਸਰੇਸਿਆ। ਨਿੱਤ ਨਿੱਤ ਨਵਲ ਨਵੇਲ ਗੁਰਮੁਖ ਭੇਸਿਆ।'
ਉਪਰੋਕਤ ਕਾਵਿ – ਸਤਰਾਂ ਵਿਚ ਆਇਆ ਅਲੰਕਾਰ ਹੈ –

1 ਉਪਮਾ
2 ਅਨੁਪ੍ਰਾਸ
3 ਰੂਪਕ
4 ਦ੍ਰਿਸ਼ਟਾਂਤ

Adda247 GET IT ON Google Play

33. ਕੋਹਲਵਰਗ (Kohlberg) ਅਨੁਸਾਰ, ਕਿਹੜੇ ਪੱਧਰ ਉੱਪਰ ਨੈਤਿਕ ਵਿਕਾਸ ਕਿਸੇ ਕਿਰਿਆ ਦੇ ਭੌਤਿਕ ਸਿੱਟਿਆ 'ਤੇ ਨਿਰਧਾਰਿਤ ਹੁੰਦਾ ਹੈ –

1 ਪੂਰਵ ਰੂੜ੍ਹੀਵਾਦੀ ਪੱਧਰ (Pre-Conventional level)
2 ਰੂੜ੍ਹੀਵਾਦੀ ਪੱਧਰ (Conventional level)
3 ਪਿਛਲਾ ਰੂੜੀਵਾਦੀ ਪੱਧਰ (Post Conventional level)
4 ਅਪਰੰਪਰਾਗਤ (Un Conventional)

34. ਵਿਆਹ ਸਮੇਂ ਲਾੜੇ ਨੂੰ ਪਲੰਘ ਉੱਪਰ ਬਿਠਾ ਕੇ ਸਲਾਮੀਆਂ ਦੇਣ ਸਮੇਂ ਜਿਹੜੀਆਂ ਸਿਠਣੀਆਂ ਗਾਈਆਂ ਜਾਂਦੀਆਂ ਹਨ, ਉਨ੍ਹਾਂ ਨੂੰ ਕਹਿੰਦੇ ਹਨ –

1 ਮਸ਼ਕਰੀ
2 ਕਾਮਨ
3 ਨਿਹੋਰੇ
4 ਤਨਜ਼

35. ਸਭ ਤੋਂ ਪਹਿਲਾਂ 'ਸੁਰ' ਦੀ ਹੋਂਦ ਦੇ ਤੱਥ ਨੂੰ ਪਛਾਣ ਕੇ ਸਾਹਮਣੇ ਲਿਆਉਣ ਵਾਲਾ ਵਿਦਵਾਨ –

1 ਜਾਰਜ ਗਰੀਅਰਸਨ
2 ਐਸ. ਐਸ. ਜੋਸ਼ੀ
3 ਗਰਾਹਮ ਬੇਲੀ
4 ਮੁਖ਼ਤਿਆਰ ਸਿੰਘ ਗਿੱਲ

36. ਕਿਹੜੇ ਸੂਫ਼ੀ ਕਵੀ ਦੀ ਰਚਨਾ ਵਿਚ 'ਦੰਦ ਕਥਾਵਾਂ' ਦੀ ਅਣਹੋਂਦ ਹੈ –

1 ਸ਼ੇਖ਼ ਫ਼ਰੀਦ
2 ਸ਼ਾਹ ਹੁਸੈਨ
3 ਸੁਲਤਾਨ ਬਾਹੂ
4 ਬੁਲ੍ਹੇ ਸ਼ਾਹ

37. 'ਸਟਿੰਗ ਇਨ ਦਾ ਟੇਲ' ਕਿਸ ਕਹਾਣੀਕਾਰ ਦੀ ਕਹਾਣੀ-ਕਲਾ ਦਾ ਉੱਭਰਵਾਂ ਲੱਛਣ ਹੈ –

1 ਗੁਰਬਚਨ ਸਿੰਘ ਭੁੱਲਰ
2 ਕੁਲਵੰਤ ਸਿੰਘ ਵਿਰਕ
3 ਵਰਿਆਮ ਸਿੰਘ ਸੰਧੂ
4 ਕਰਤਾਰ ਸਿੰਘ ਦੁੱਗਲ

38. ਹੇਠ ਲਿਖੇ ਵਿਚੋਂ ਕਿਹੜਾ ਜੁੱਟ ਸਹੀ ਨਹੀਂ ਹੈ –

1 ਸੰਵੇਦਕ ਇੰਦਰੀ ਗਤੀ ਅਵਸਥਾ – ਵਸਤੂ ਸਥਾਈਤਵ
2 ਪੂਰਵ ਕਿਰਿਆਸ਼ੀਲ ਅਵਸਥਾ – ਸੰਭਾਲਨ ਲਈ ਅਸਮਰੱਥ
3 ਠੋਸ ਕਿਰਿਆਸ਼ੀਲ ਅਵਸਥਾ – ਹਉਮੈ ਕੇਂਦਰਿਤ
4 ਰਸਮੀਂ ਕਿਰਿਆਸ਼ੀਲ ਅਵਸਥਾ – ਕਾਲਪਨਿਕ ਤੇ ਕਰੌਤੀਯੋਗ ਤਾਰਕਿਕਤਾ

39. "ਨਿੱਕੀ ਕਹਾਣੀ ਦਾ ਅਸਲ ਮੋਢੀ ਮੋਹਨ ਸਿੰਘ ਵੈਦ ਨੂੰ ਹੀ ਮੰਨਣਾ ਪਵੇਗਾ।"
ਇਹ ਟਿੱਪਣੀ ਕਿਸ ਆਲੋਚਕ ਦੀ ਹੈ –

1 ਪ੍ਰਿੰ. ਸੰਤ ਸਿੰਘ ਸੇਖੋਂ
2 ਡਾ. ਹਰਿਭਜਨ ਸਿੰਘ
3 ਡਾ. ਅਤਰ ਸਿੰਘ
4 ਡਾ. ਟੀ. ਆਰ. ਵਿਨੋਦ

40. 'ਸਾਹਿਤਕ ਕਿਰਤ ਨੂੰ ਏਕਤਾ ਉਸ ਦੀ ਥੀਮ ਤੋਂ ਮਿਲਦੀ ਹੈ।' ਇਹ ਵਿਚਾਰ ਕਿਸ ਰੂਪਵਾਦੀ ਚਿੰਤਕ ਦਾ ਹੈ –

1 ਸ਼ਕਲੋਵਸਕੀ
2 ਤੋਮਾਸ਼ੇਵਸਕੀ
3 ਰੋਮਨ ਜੈਕਬਸਨ
4 ਈਖ਼ਨਬਾਮ

41. ਗੁਰੂ ਗੋਬਿੰਦ ਸਿੰਘ ਰਚਿਤ 'ਦਸਮ ਗ੍ਰੰਥ' ਦੀ ਆਰੰਭਲੀ ਰਚਨਾ ਹੈ –

1 ਅਕਾਲ ਉਸਤਤਿ
2 ਬਚਿਤ੍ਰ ਨਾਟਕ
3 ਜਾਪੁ ਸਾਹਿਬ
4 ਖ਼ਾਲਸਾ ਮਹਿਮਾ

42. ਅਜੀਤ ਕੌਰ ਰਚਿਤ 'ਤਕੀਏ ਦਾ ਪੀਰ' ਸਾਹਿਤ ਵੰਨਗੀ ਹੈ –

1 ਕਹਾਣੀ – ਸੰਗ੍ਰਹਿ
2 ਰੇਖਾ ਚਿੱਤਰ
3 ਨਾਵਲ
4 ਸਵੈ – ਜੀਵਨੀ

43. "ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ॥ ਪੰਗਤੀ ਦੀ ਅਲੰਕਾਰਿਕ ਵੰਨਗੀ ਹੈ –

1 ਸ਼ਰੁਤੀ ਅਨੁਪ੍ਰਾਸ
2 ਛੇਕ ਅਨੁਪ੍ਰਾਸ
3 ਵ੍ਰਿਤੀ ਅਨੁਪ੍ਰਾਸ
4 ਲਾਟ ਅਨੁਪ੍ਰਾਸ

Adda247 GET IT ON Google Play

44. 'ਇਕ ਹੋਰ ਨਵਾਂ ਸਾਲ' ਨਾਵਲ ਦੇ ਨਾਵਲਕਾਰ ਹਨ :

1 ਰਾਮ ਸਰੂਪ ਅਣਖੀ
2 ਨਰਿੰਜਨ ਤਸਨੀਮ
3 ਦਲੀਪ ਕੌਰ ਟਿਵਾਣਾ
4 ਨਾਨਕ ਸਿੰਘ

45. ਕਿਸ ਵਿਦਵਾਨ ਨੇ 'ਕਾਫ਼ੀ' ਨੂੰ ਇਕ ਛੰਦ ਵਜੋਂ ਸਵੀਕਾਰ ਕੀਤਾ ਹੈ –

1 ਭਾਈ ਵੀਰ ਸਿੰਘ
2 ਡਾ. ਅਤਰ ਸਿੰਘ
3 ਭਾਈ ਕਾਨ੍ਹ ਸਿੰਘ ਨਾਭਾ
4 ਵਣਜਾਰ ਬੇਦੀ

46. ਅਜੋਕੇ ਧੁਨੀ ਇਤਿਹਾਸ ਵਿਚ ਧੁਨੀਆਂ ਦੇ ਵਰਗੀਕਰਨ ਦੇ ਆਧਾਰ ਦਾ ਸੰਸਕ੍ਰਿਤ ਗ੍ਰੰਥ ਹੈ –

1 ਅਸ਼ਟਾਧਿਆਈ
2 ਸ਼ਬਦਾਨੁਸ਼ਾਸਨ
3 ਨਿਘੰਟੂ
4 ਨਾਟ੍ਯਸ਼ਾਸਤ੍ਰ

47. ਹੇਠ ਲਿਖੇ ਵਿਚੋਂ ਕਿਹੜੀ ਸਮਾਯੋਜਨ ਜੁਗਤ ਨਹੀਂ ਹੈ –

(A) ਪ੍ਰਤਿਗਮਨ (Regression)
(B) ਦਮਨ (Repression)
(C) ਧਾਰਨਾ (Conception)
(D) ਪ੍ਰਤੱਖੀਕਰਨ (Perception)

1 (A)
2 (A) ਅਤੇ (B)
3 (C)
4 (C) ਅਤੇ (D)

48. ਪੰਜਾਬੀ ਭਾਸ਼ਾ ਵੱਲ ਪਹਿਲੀ ਵਾਰ ਯਥਾਰਥ ਇਸ਼ਾਰਾ ਕਰਨ ਦਾ ਸਿਹਰਾ ਹੈ –

1 ਅਬੁ ਫ਼ਜ਼ਲ
2 ਅਮੀਰ ਖੁਸਰੋ
3 ਹਿਊਨ ਸਾਂਗ
4 ਮਹਿਮੂਦ ਸ਼ੀਰਾਨੀ

49. ਭਾਰਤੀ ਅਧਿਆਤਮ ਪਰੰਪਰਾ ਵਿਸ਼ੇਸ਼ ਰੂਪ ਵਿਚ ਗੁਰਮਤਿ ਕਾਵਿ ਪਰੰਪਰਾ ਦੀ ਸ਼ਬਦਾਵਲੀ ਦਾ ਵਧੇਰੇ ਪ੍ਰਯੋਗ ਕਿਸ ਸੂਫ਼ੀ ਕਵੀ ਨੇ ਕੀਤਾ ਹੈ –

1 ਸੁਲਤਾਨ ਬਾਹੂ
2 ਸ਼ਾਹ ਹੁਸੈਨ
3 ਬੁੱਲ੍ਹੇ ਸ਼ਾਹ
4 ਗੁਲਾਮ ਫ਼ਰੀਦ

50. 'ਹਿੰਦ ਦੇ ਦੁਲਾਰੋ ਜ਼ਰਾ ਦੇਖੋ ਉਠ ਕੇ, ਜ਼ਾਲਮ ਫਰੰਗੀ ਦੇਸ਼ ਲੈ ਗਏ ਲੁਟ ਕੇ।
ਕੋਈ ਚੀਜ਼ ਬਿਨਾਂ ਨਾ ਮਸੂਲ ਛੱਡ ਕੇ, ਹੌਲੀ ਹੌਲੀ ਇੰਡੀਆ ਦੀ ਜੜ ਵਢਦੇ।'
ਉਪਰੋਕਤ ਸਤਰਾਂ ਕਿਸ ਛੰਦ ਦੀ ਵੰਨਗੀ ਹਨ –

1 ਕੋਰੜਾ
2 ਕਬਿੱਤ
3 ਚੌਪਈ
4 ਬੈਂਤ

51. ਭਾਸ਼ਾ ਨੂੰ ਇਕ ਸਮਾਜਕ ਵਰਤਾਰਾ ਮੰਨਦਿਆਂ ਭਾਸ਼ਾ ਗ੍ਰਹਿਣ ਕਰਨ ਦੀ ਪ੍ਰਕਿਰਿਆ ਨੂੰ ਸਮਾਜਕ ਵਿਹਾਰਕਵਾਦ ਨਾਲ ਜੋੜਨ ਵਾਲੇ ਭਾਸ਼ਾ ਵਿਗਿਆਨੀ ਹਨ –

1 ਬਲੂਮ ਫੀਲਡ ਤੇ ਚੋਮਸਕੀ
2 ਹਰਜੀਤ ਗਿੱਲ ਅਤੇ ਬਲੂਮ ਫੀਲਡ
3 ਸੌਸਿਊਰ ਅਤੇ ਬਲੂਮ ਫੀਲਡ
4 ਜਾਨ ਲਾਇਨਜ਼ ਅਤੇ ਬਲੂਮ ਫੀਲਡ

52. ਰਹੱਸਵਾਦੀਆਂ ਅਨੁਸਾਰ ਭਾਸ਼ਾ (ਬਾਣੀ) ਦਾ ਸਭ ਤੋਂ ਸੂਖਮ ਬਾਣੀ ਰੂਪ ਹੈ –

1 ਪਰਾ
2 ਪਸ਼ਿਅੰਤੀ
3 ਮਧਿਅਮਾ
4 ਬੈਖ਼ਰੀ

53. 'ਮਾਹੀਆ' ਲੋਕ ਕਾਵਿ ਰੂਪ ਕਿਸ ਖਿੱਤੇ ਨਾਲ ਸੰਬੰਧਤ ਹੈ –

1 ਮਾਝਾ
2 ਮਾਲਵਾ
3 ਪੁਆਧ
4 ਪੋਠੋਹਾਰ

Adda247
GET IT ON Google Play

54. 'ਅਜਨਬੀਕਰਨ' (ਰੂਸੀ ਰੂਪਵਾਦ) ਦੇ ਸਿਧਾਂਤ ਦਾ ਸੰਸਥਾਪਕ ਹੈ –
1 ਰੋਮਨ ਜੈਕਬਸਨ
2 ਤਿਆਜ਼ਾਨੋਵ
3 ਬੋਰਿਸ ਤੋਸਾਸ਼ੇਵਸਕੀ
4 ਵਿਕਟਰ ਸ਼ਕਲੋਵਸਕੀ

55. ਲੋਕ-ਕਾਵਿ ਨੂੰ 'ਦੜੰਗਾ ਕਾਵਿ' ਕਿਸ ਲੋਕਧਾਰਾ ਵਿਗਿਆਨੀ ਨੇ ਕਿਹਾ ਹੈ –
1 ਡਾ. ਵਣਜਾਰਾ ਬੇਦੀ
2 ਡਾ. ਕਰਨੈਲ ਸਿੰਘ ਥਿੰਦ
3 ਡਾ. ਭੁਪਿੰਦਰ ਸਿੰਘ ਖਹਿਰਾ
4 ਦੇਵਿੰਦਰ ਸਤਿਆਰਥੀ

56. 'ਸੱਸ ਤੋਂ ਚੋਰੀ ਆਈ ਹਾਂ, ਜਵਾਂ ਤੋਂ ਕਣਕ ਵਟਾ ਦੇ' ਅਖਾਣ ਤੋਂ ਭਾਵ ਹੈ –
1 ਸੱਸ ਤੋਂ ਚੋਰੀ ਜਵਾਂ ਵੇਚ ਕਣਕ ਦੇਣੀ ।
2 ਬਾਹਰੋਂ ਘਾਟਾ ਖਾਣ ਨੂੰ ਤਿਆਰ, ਅੰਦਰੋਂ ਦੂਜੇ ਦੇ ਨੁਕਸਾਨ ਲਈ
3 ਬਾਹਰੋਂ ਨਫ਼ੇ ਨੂੰ ਤਿਆਰ, ਅੰਦਰੋਂ ਆਪਣੇ ਨੁਕਸਾਨ ਲਈ ਤਤਪਰ
4 ਜਦੋਂ ਕੋਈ ਘਰੋਂ ਚੋਰੀ ਸਾਮਾਨ ਵੇਚ ਦੇਵੇ।

57. ਇਹਨਾਂ ਵਿਚੋਂ ਕਿਹੜਾ ਸ਼ਬਦ ਪੁਆਧੀ ਉਪ ਭਾਸ਼ਾ ਦਾ ਨਹੀਂ ਹੈ :
1 ਸਬੇਰਾ
2 ਗੈਲ ਗੈਲ
3 ਪੇ
4 ਮ੍ਹੈਸ

58. ਕਿਸ ਬਾਣੀਕਾਰ ਦੀ ਰਚਨਾ ਦੀ ਵਿਲੱਖਣਤਾ ਦਾ ਮੂਲ ਆਧਾਰ ਜਗਤ ਦੀ ਨਾਸ਼ਮਾਨਤਾ ਹੈ ਅਤੇ ਜਿਸ ਨੂੰ ਅਦ੍ਵੈਤ ਵੇਦਾਂਤ ਦੀ ਪਰੰਪਰਾ ਨਾਲ ਤੁਲਨਾਇਆ ਜਾ ਸਕਦਾ ਹੈ –
1 ਗੁਰੂਨਾਨਕ ਦੇਵ ਜੀ
2 ਗੁਰੂ ਅਰਜਨ ਦੇਵ ਜੀ
3 ਗੁਰੂ ਤੇਗ਼ ਬਹਾਦਰ ਜੀ
4 ਗੁਰੂ ਗੋਬਿੰਦ ਸਿੰਘ ਜੀ

59. ਜੀਭ ਦੀ ਚੁਸਤ ਨੋਕ ਉਪਰਲੇ – ਮੂਹਰਲੇ ਸੁਸਤ ਦੰਦਾਂ ਨਾਲ ਸਪਰਸ਼ ਕਰਦੀ ਹੈ ਤਾਂ ਕਿਹੜੇ ਵਿਅੰਜਨਾਂ ਦਾ ਉਤਪਾਦਨ ਹੁੰਦਾ ਹੈ –
1 ਸੁਰਯੰਤਰੀ
2 ਦੰਤ ਹੋਠੀ
3 ਦੁਹੋਠੀ
4 ਦੰਤੀ

60. ਲਹਿੰਦੀ ਨਾਲੋਂ ਘੱਟ ਪਰ ਮਲਵਈ ਤੇ ਪੁਆਧੀ ਨਾਲੋਂ ਵਧੇਰੇ ਸੰਜੋਗਾਤਮਕ ਹੈ –
1 ਮਾਝੀ
2 ਦੋਆਬੀ
3 ਡੋਗਰੀ
4 ਪੋਠੋਹਾਰੀ

61. ਸੰਵੇਗਾਤਮਕ ਬੁੱਧੀ ਦੇ ਸੰਕਲਪ ਵਿਚ ਕਿਹੜੀ ਸਮਰੱਥਾ ਸ਼ਾਮਲ ਨਹੀਂ ਹੈ –
1 ਸੰਵੇਗਾਂ ਨੂੰ ਜਗਾਉਣਾ
2 ਸੰਵੇਗਾਂ ਨੂੰ ਸਮਝਣਾ
3 ਸੰਵੇਗਾਂ ਨੂੰ ਨਿਯੰਤਰਿਤ ਕਰਨਾ
4 ਸੰਵੇਗਾਂ ਦਾ ਮੁੱਲਾਂਕਣ ਅਤੇ ਅਭਿਵਿਅਕਤੀ

62. ਲੋਕ ਮੁਹਾਵਰਾ ਬੋਧਕ ਰਚਨਾਵਾਂ ਦਾ ਸਹੀ ਜੁੱਟ ਹੈ –
1 ਬਿਰਹੜੇ, ਕੁਚੱਜੀ, ਸੁਚੱਜੀ, ਗੁਣਵੰਤੀ
2 ਬਿਰਹੜੇ, ਕਰਹਲੇ, ਸੁਚੱਜੀ, ਕੁਚੱਜੀ
3 ਬਿਰਹੜੇ, ਆਰਤੀ, ਸੁਚੱਜੀ, ਕੁਚੱਜੀ
4 ਬਿਰਹੜੇ, ਬਾਰਹਮਾਹ, ਸੁਚੱਜੀ, ਕੁਚੱਜ਼ੀ

63. ਇਕ ਕਾਲਕੀ ਕਿਰਿਆ-ਵਾਕੰਸ਼ ਵਿਚਰਦਾ ਹੈ –
1 ਸੰਜੁਗਤ ਵਾਕ ਵਿਚ
2 ਮਿਸ਼ਰਿਤ ਵਾਕ ਵਿਚ
3 ਗੁੰਝਲਦਾਰ ਵਾਕ ਵਿਚ
4 ਸਧਾਰਨ ਵਾਕ ਵਿਚ

64. ਭੁੱਲ ਨਾਲ ਰਹਿ ਗਏ ਸ਼ਬਦਾਂ ਲਈ ਚਿੰਨ੍ਹ ਲਗਾਇਆ ਜਾਂਦਾ ਹੈ –
1 <
2 >
3 =
4 "

Adda247 GET IT ON Google Play

65. ਕਿਹੀ ਮਿੱਠੀ ਮਿੱਠੀ ਵਗਨੀ ਏ ਵਾ, ਢਲੀ ਗਿਆ ਜੋਬਨਾ ਅਥਰੂਆਂ ਕੀ ਤਕੀ ਤਕੀ।
ਉਪਰੋਕਤ ਸਤਰਾਂ ਵਿਚ ਪੰਜਾਬੀ ਦੀ ਕਿਹੜੀ ਉੱਪਭਾਸ਼ਾ ਵਰਤੀ ਗਈ ਹੈ :

1 ਪੋਠੋਹਾਰੀ
2 ਪੁਆਧੀ
3 ਦੁਆਬੀ
4 ਲਹਿੰਦੀ

66. 'ਸ਼ਬਦ ਤੇ ਅਰਥ ਦਾ ਸੁਮੇਲ ਹੀ ਕਾਵਿ ਹੈ।' – ਕਿਸ ਭਾਰਤੀ ਆਚਾਰੀਆ ਦੀ ਸਥਾਪਨਾ ਹੈ –

1 ਮੰਮਟ
2 ਭਾਮਹ
3 ਭਰਤਮੁਨੀ
4 ਦੰਡੀ

67. ਦ੍ਰਿਸ਼ ਅਤੇ ਸ਼੍ਰਵ ਸਹਾਇਕ ਸਾਧਨ ਸਿੱਖਣ – ਪ੍ਰਕਿਰਿਆ ਨੂੰ ਬਣਾਉਂਦੇ ਹਨ –

1 ਔਖਾ
2 ਅਕਾਊ
3 ਜਟਿਲ
4 ਪ੍ਰਭਾਵੀ

68. ਮੌਸਿਊਰ ਅਨੁਸਾਰ ਭਾਸ਼ਾ ਵਿਚ ਪ੍ਰਾਥਮਿਕ ਹੈ –

1 ਲਿਖਤ ਜਾਂ ਉਚਾਰ
2 ਮੌਖਿਕ ਜਾਂ ਲਿਖਤ
3 ਉਚਾਰ ਜਾਂ ਬੋਲ
4 ਲਾਂਗ ਅਤੇ ਪੈਰੋਲ

69. ਕਿਹੜੀ ਕੰਪਿਊਟਰ ਦੀ ਵਿਸ਼ੇਸ਼ਤਾ ਨਹੀਂ ਹੈ –

1 ਪਰਿਸ਼ੁੱਧਤਾ (Accuracy)
2 ਧੀਮੀ ਗਤੀ (Low Speed)
3 ਸਵੈ-ਚਾਲਕ (Automatic)
4 ਭੰਡਾਰਨ (Storage)

70. ਅੰਮ੍ਰਿਤਾ-ਮੋਹਨ ਸਿੰਘ ਕਾਵਿ ਧਾਰਾ ਦਾ ਕਵੀ ਹੁੰਦਿਆਂ ਵੀ ਕਿਹੜਾ ਉਨ੍ਹਾਂ ਤੋਂ ਵਿਲੱਖਣ ਹੈ, ਜਿਸ ਦੀ ਇਹ ਵਿਲੱਖਣਤਾ ਕਿ ਪਾਸੇ ਤਾਂ ਗੁਰਬਾਣੀ ਦੀ ਨਵੀਂ ਬੌਧਿਕ-ਰਹੱਸਵਾਦੀ ਵਿਆਖਿਆ ਤੋਂ ਮਿਲਦੀ ਹੈ ਅਤੇ ਦੂਜੇ ਪਾਸੇ ਉਹ ਨਿੱਜੀ ਪਿਆਰ ਨੂੰ ਰਹੱਸਮਈ ਰੰਗ ਵਿਚ ਪੇਸ਼ ਕਰਦਾ ਹੈ –

1 ਧਨੀ ਰਾਮ ਚਾਤ੍ਰਿਕ
2 ਪ੍ਰੀਤਮ ਸਿੰਘ ਸਫ਼ੀਰ
3 ਸ. ਸ. ਸੀਸ਼ਾ
4 ਡਾ. ਹਰਿਭਜਨ ਸਿੰਘ

71. ਹੇਠ ਲਿਖੇ ਵਿਚੋਂ ਕਿਸ ਰਸ ਦਾ ਸਥਾਈ ਭਾਵ 'ਕਰੋਧ' ਹੈ –

1 ਕਰੁਣਾ
2 ਭਿਆਨਕ
3 ਬੀਰ
4 ਰੌਦਰ

72. ਲੰਜਾਈਨਸ ਨੇ ਉਦਾਤ ਸ਼ੈਲੀ ਦੇ ਪੰਜਾਂ ਸੋਮਿਆਂ ਦਾ ਕਿਹੜਾ ਸਾਂਝਾ ਆਧਾਰ ਮੰਨਿਆ ਹੈ –

1 ਪ੍ਰਗਟਾਵੇਂ ਦੀ ਸ਼ਕਤੀ
2 ਬੌਧਿਕ ਨਵੀਨਤਾ
3 ਸਮੁੱਚੀ ਰੂਮ ਬਣਤਰ
4 ਸ਼ਿਲਪ-ਵਿਧਾਨ

73. ਲੋਕਧਾਰਾ ਨਾਲ ਸਬੰਧਿਤ ਪੁਸਤਕ 'Essays in Folkloristics' ਕਿਸ ਲੇਖਕ ਦੀ ਹੈ –

1 ਐਲਨ ਡੰਡੀਜ਼
2 ਰਿਚਰਡ ਟੈਂਪਲ
3 ਜਾਰਜ ਗ੍ਰੀਅਰਸਨ
4 ਇਹਨਾਂ ਵਿਚੋਂ ਕੋਈ ਨਹੀਂ ।

74. ਗੁਰੂ ਨਾਨਕ ਬਾਣੀ ਦੇ ਕੁਝ ਬੁਨਿਆਦੀ ਵਿਚਾਰਾਂ ਅਥਵਾਂ ਸਿਧਾਂਤਾ ਦਾ ਕਵਿਤਾ ਵਿਚ ਵਿਸ਼ਲੇਸ਼ਣ ਕਰਨਵਾਲਾ ਟੀਕਾਕਾਰ ਹੈ –

1 ਭਾਈ ਮਨਸੁਖ
2 ਭਾਈ ਗੁਰਦਾਸ
3 ਆਨੰਦ ਘਣ
4 ਕਵੀ ਸੰਤੋਖ ਸਿੰਘ

75. ਹਿੰਦੂ ਧਿਆਵੈ ਦੇਹੁਰਾ, ਮੁਸਲਮਾਨ ਮਸੀਤ, ਜੋਗੀ ਧਿਆਵੈ ਪਰਮ ਪਦ, ਜਹਾਂ ਦੇਹੁਰਾ ਨਾ ਮਸੀਤ।
ਉਪਰੋਕਤ ਸਤਰਾਂ ਦੇ ਰਚੈਤਾ ਕੌਣ ਹਨ –

1 ਭਾਈ ਗੁਰਦਾਸ
2 ਗੋਰਖ ਨਾਥ
3 ਜਲੰਧਰ ਨਾਥ
4 ਇਹਨਾਂ ਵਿਚੋਂ ਕੋਈ ਨਹੀਂ

Adda247 GET IT ON Google Play

76. 'ਨਾਲੇ ਧਾਰ ਕੱਢਾ ਰੋਵਾਂ, ਮਾਹੀਆ ਮੇਰਾ ਲਾਮ ਨੂੰ ਗਿਆ।'
ਉਪਰੋਕਤ ਸਤਰ ਲੋਕ ਕਾਵਿ ਦਾ ਕਿਹੜਾ ਰੂਪ ਹੈ –
1 ਟੱਪਾ
2 ਮਾਹੀਆ
3 ਢੋਲਾ
4 ਦੋਹਾ

77. ਪੰਜਾਬੀ ਦੀਆਂ ਉਪਭਾਸ਼ਾਵਾਂ ਵਿਚ ਕਿਹੜੇ ਅੱਖਰ ਦਾ ਉਚਾਰਨ ਸ਼ਬਦ ਦੇ ਅਖੀਰ ਵਿਚ ਵਖਰਾ ਹੈ –
1 ਅ
2 ਹ
3 ਸ
4 ਯ

78. ਮੋਸਿਊਰ ਅਨੁਸਾਰ ਭਾਸ਼ਾਈ ਸੰਬੰਧਾਂ ਦੀ ਹੋਂਦ –
1 ਪਹਿਲੀ ਸ਼੍ਰੇਣੀ ਦਾ ਸਮੂਰਤ ਅਤੇ ਦੂਜੀ ਸ਼੍ਰੇਣੀ ਦਾ ਅਮੂਰਤ
2 ਪਹਿਲੀ ਸ਼੍ਰੇਣੀ ਦੀ ਅਮੂਰਤ ਅਤੇ ਦੂਜੀ ਸ਼੍ਰੇਣੀ ਦੀ ਸਮੂਰਤ
3 ਦੋਹਾਂ ਸ਼੍ਰੇਣੀਆਂ ਦੀ ਅਮੂਰਤ
4 ਦੋਹਾਂ ਸ਼੍ਰੇਣੀਆਂ ਦੀ ਸਮੂਰਤ

79. ਸੰਬੋਧਨੀ ਸੰਰਚਨਾ ਦੇ ਪੱਖ ਤੋਂ 'ਕੀਰਨਾ' ਕਿਸ ਪ੍ਰਕਾਰ ਦਾ ਰੂਪਾਕਾਰ ਹੈ –
1 ਵਰਣਨਾਤਮਕ
2 ਬਿਰਤਾਂਤਕ
3 ਪ੍ਰਗੀਤਕ
4 ਨਾਟਕੀ

80. ਧੁਨੀਮ ਦੇ ਪ੍ਰਸੰਗਕ ਧੁਨੀਆਤਮਕ ਵਖਰੇਵੇਂ ਨੂੰ ਕਿਹਾ ਜਾਂਦਾ ਹੈ –
1 ਧੁਨੀ-ਵਿਉਂਤ
2 ਸਹਿ ਧੁਨੀ
3 ਭਾਵਾਂਸ਼
4 ਉਪੋਰੋਕਤ ਸਾਰੇ

81. ਰਸ ਦੀ ਅਨੁਭੂਤੀ ਨੂੰ ਅਨੁਮਾਨ ਦਾ ਵਿਸ਼ਾ ਕਿਸ ਆਚਾਰੀਆਂ ਨੇ ਮੰਨਿਆ –
1 ਭੱਟ ਲੋਲਟ
2 ਭੱਟ ਨਾਇਕ
3 ਸ਼ੰਕੁਕ
4 ਅਭਿਨਵ ਗੁਪਤ

82. ਕਿਸ ਗੁਰ-ਵਿਅਕਤੀ ਨੇ "ਯਾਨੜੀਏ ਕੈ ਘਰਿ" ਸੰਪਾਦਕੀ ਸੂਚਨਾ ਦਾ ਪ੍ਰਯੋਗ ਕੀਤਾ ਹੈ –
1 ਗੁਰੂ ਨਾਨਕ ਦੇਵ ਜੀ
2 ਗੁਰੂ ਰਾਮ ਦਾਸ ਜੀ
3 ਗੁਰੂ ਅਰਜਨ ਦੇਵ ਜੀ
4 ਗੁਰੂ ਤੇਗ਼ ਬਹਾਦਰ ਜੀ

83. ਮਨਸੂਰ ਵੀ ਤੈਥੋਂ ਆਇਆ ਹੈ, ਤੈਂ ਸੂਲੀ ਪਕੜ ਚੜ੍ਹਾਇਆ ਹੈ; ਤੈਂ ਖ਼ੌਫ਼ ਨਾ ਕੀਤਾ ਸਾਈਂ ਦਾ, ਹੁਣ ਕੈਂ ਥੀਂ ਛਪਾਈਦਾ.....
ਕਾਵਿ-ਰੂਪ ਵੰਨਗੀ ਹੈ –
1 ਸ਼ਲੋਕ
2 ਕਾਫ਼ੀ
3 ਸੀਹਰਫੀ
4 ਇਹਨਾਂ ਵਿਚੋਂ ਕੋਈ ਨਹੀਂ

84. ਕਿਸ ਕਹਾਣੀਕਾਰ ਦੀ ਭਾਸ਼ਾ ਉੱਤੇ ਪੰਜਾਬੀ ਦੀ ਪੋਠੋਹਾਰੀ ਉਪਭਾਸ਼ਾ ਦੀ ਰੰਗਣ ਹੈ –
1 ਗੁਰਬਖ਼ਸ਼ ਸਿੰਘ ਪ੍ਰੀਤਲੜੀ
2 ਵਰਿਆਮ ਸਿੰਘ ਸੰਧੂ
3 ਕੁਲਵੰਤ ਸਿੰਘ ਵਿਰਕ
4 ਕਰਤਾਰ ਸਿੰਘ ਦੁੱਗਲ

85. ਰੂਸੀ ਰੂਪਵਾਦ ਦੇ ਇਕ ਕੇਂਦਰ 'ਮਾਸਕੋ ਭਾਸ਼ਾ ਸਰਕਲ' ਦੀ ਸਥਾਪਨਾ ਹੋਈ –
1 1913
2 1915
3 1917
4 1916

86. ਹੇਠ ਲਿਖੇ ਵਿਚੋਂ ਕਿਹੜਾ ਕਥਨ ਗ਼ਲਤ ਹੈ –
1 ਵਿਕਾਸ ਦੀ ਭਵਿੱਖਵਾਣੀ ਕੀਤੀ ਜਾ ਸਕਦੀ ਹੈ।
2 ਵਿਕਾਸ ਇਕ ਵਿਅਕਤੀਗਤ ਪ੍ਰਕਿਰਿਆ ਹੈ।
3 ਵਿਕਾਸ ਇੱਕ ਸਥਿਰ ਪ੍ਰਕਿਰਿਆ ਹੈ।
4 ਵਿਕਾਸ ਆਮ ਤੋਂ ਵਿਸ਼ੇਸ਼ ਵੱਲ ਵਧਦਾ ਹੈ।

Adda247 GET IT ON Google Play

87. ਮੂਰਖ ਨੂੰ ਅਸਵਾਰੀ ਹਾਥੀ ਘੋੜਿਆਂ, ਪੰਡਤ ਪੈਰ ਪਿਆਦੇ ਪਾਟੇ ਜੋੜਿਆਂ ।
ਉਪਰੋਕਤ ਸਤਰਾਂ ਵਿਚ ਪਿਆਦੇ ਸ਼ਬਦ ਦਾ ਕੀ ਅਰਥ ਹੈ –
1 ਪੀਣ ਵਾਲੇ
2 ਪਿਆਵਣ ਵਾਲੇ
3 ਪੈਣ ਵਾਲੇ
4 ਇਹਨਾਂ ਵਿਚੋਂ ਕੋਈ ਨਹੀਂ

88. 'ਦੀਵਾ ਬਲੇ ਸਾਰੀ ਰਾਤ' ਪੁਸਤਕ ਦਾ ਲੇਖਕ ਕੌਣ ਹੈ –
1 ਸੋਹਿੰਦਰ ਸਿੰਘ ਵਣਜਾਰ ਬੇਦੀ
2 ਮਹਿੰਦਰ ਸਿੰਘ ਰੰਧਾਵਾ
3 ਦੇਵਿੰਦਰ ਸਤਿਆਰਥੀ
4 ਗਿਆਨੀ ਗੁਰਦਿਤ ਸਿੰਘ

89. "ਸੋਹਣ ਸਿੰਘ ਸ਼ੀਤਲ ਦੀ ਰਚਨਾ-ਦ੍ਰਿਸ਼ਟੀ ਕਰੁਣਾ ਆਧਾਰਿਤ ਨਹੀਂ, ਵਿਵੇਕ ਅਧਾਰਿਤ ਹੈ ਤੇ ਉਸਦੇ ਨਾਵਲਾਂ ਦਾ ਰੂਪ-ਪ੍ਰਬੰਧ ਬਿਪਤਾ ਦੀ ਹਾਲਤ ਉੱਤੇ ਨਹੀਂ, ਸਗੋਂ 'ਬਿਪਤਾ ਦੀ ਗੁੰਝਲ' ਉੱਤੇ ਸੰਗਠਿਤ ਹੈ।"
ਉਪਰੋਕਤ ਟਿੱਪਣੀ ਕਿਸ ਆਲੋਚਕ ਦੀ ਹੈ –
1 ਡਾ. ਅਤਰ ਸਿੰਘ
2 ਡਾ. ਹਰਿਭਜਨ ਸਿੰਘ
3 ਪ੍ਰਿੰ. ਸੰਤ ਸਿੰਘ ਸੇਖੋਂ
4 ਨਰਿੰਜਨ ਤਸਨੀਮ

90. ਬੋਲੀਆਂ ਪਾਉਣ ਸਮੇਂ ਅੰਤਿਮ ਤੁਕ ਨੂੰ ਸਮੂਹਿਕ ਰੂਪ ਵਿਚ ਗਾ ਕੇ ਦੁਹਰਾਇਆ ਜਾਂਦਾ ਹੈ, ਇਸ ਨੂੰ ਕਹਿੰਦੇ ਹਨ –
1 ਅੰਤਰਾ
2 ਧਾਰਨਾ
3 ਤੋੜਾ
4 ਰੂੜ੍ਹ ਤੁਕ

91. ਅਨੁਦੇਸ਼ਨ ਦੀ ਸਿਸਟਮੀ ਪਹੁੰਚ ਮੁਤਾਬਕ ਅਨੁਦੇਸ਼ਨ ਉਦੇਸ਼ਾਂ ਦੀ ਪ੍ਰਾਪਤੀ ਦਾ ਉਦਾਹਰਨ ਹੈ –
1 ਇਨਪੁੱਟ (Input)
2 ਆਊਟਪੁੱਟ (Output)
3 ਪ੍ਰਕਿਰਿਆ (Process)
4 ਵਾਤਾਵਰਨ (Environment)

92. ਮਨਮੋਹਨ ਬਾਵਾ ਦਾ ਬਾਲ ਸਾਹਿਤ ਦੀ ਦ੍ਰਿਸ਼ਟੀ ਤੋਂ ਰਚਿਤ ਸਫ਼ਰਨਾਮਾ ਹੈ –
1 ਜੰਗਲ ਜੰਗਲ ਪਰਬਤ ਪਰਬਤ
2 ਤੁਸੀਂ ਵੀ ਚਲੋ ਮੇਰੇ ਨਾਲ
3 ਅਣਡਿੱਠੇ ਰਸਤੇ ਉੱਚੇ ਪਰਬਤ
4 ਪੰਧ ਹੀ ਮੰਜ਼ਿਲ ਹੈ

93. ਵਿਆਕਰਨ- ਪਰੰਪਰਾ ਦੇ ਮੁੱਖ ਸ੍ਰੋਤ ਹਨ –
1 ਅੰਗਰੇਜ਼ੀ ਤੇ ਸੰਸਕ੍ਰਿਤ ਪਰੰਪਰਾ
2 ਇਤਾਲਵੀ ਤੇ ਸੰਸਕ੍ਰਿਤ ਪਰੰਪਰਾ
3 ਫ਼ਾਰਸੀ ਤੇ ਸੰਸਕ੍ਰਿਤ ਪਰੰਪਰਾ
4 ਸੰਸਕ੍ਰਿਤ ਤੇ ਗਰੀਕ ਪਰੰਪਰਾ

94. 'ਹੁਕਮਨਾਮੇ' ਲਿਖਣ ਦੀ ਪਰੰਪਰਾ ਕਿਹੜੇ ਗੁਰੂ ਸਾਹਿਬ ਤੋਂ ਆਰੰਭ ਹੋਈ –
1 ਗੁਰੂ ਹਰਗੋਬਿੰਦ ਸਾਹਿਬ ਜੀ
2 ਗੁਰੂ ਅਰਜਨ ਦੇਵ ਜੀ
3 ਗੁਰੂ ਤੇਗ਼ ਬਹਾਦਰ ਜੀ
4 ਗੁਰੂ ਗੋਬਿੰਦ ਸਿੰਘ ਜੀ

95. 'ਔ' ਵਰਨ ਦੀ ਧੁਨੀ ਦੁਸੰਧੀ-ਸੁਰ ਵਿਚ ਤਬਦੀਲ ਹੋ ਜਾਂਦੀ ਹੈ –
1 ਮਾਝੀ ਵਿਚ
2 ਮਲਵਈ ਵਿਚ
3 ਦੋਆਬੀ ਵਿਚ
4 ਲਹਿੰਦੀ ਵਿਚ

96. ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ॥
ਉਪਰੋਕਤ ਸਤਰਾਂ ਵਿਚ ਕਿਹੜਾ ਅਲੰਕਾਰ ਹੈ –
1 ਅੱਤਕਥਨੀ
2 ਦ੍ਰਿਸ਼ਟਾਂਤ
3 ਰੂਪਕ
4 ਅਨੁਪ੍ਰਾਸ

97. ਗੁਰਮੁਖੀ ਲਿਪੀ ਦੀ ਹੋਂਦ ਗੁਰੂ ਕਾਲ ਤੋਂ ਪੂਰਬ ਸਵੀਕਾਰਨ ਵਾਲਾ ਵਿਦਵਾਨ –
1 ਤਰਲੋਚਨ ਸਿੰਘ ਬੇਦੀ
2 ਜੀ. ਬੀ. ਸਿੰਘ
3 ਕਾਲਾ ਸਿੰਘ ਬੇਦੀ
4 ਹਰਕੀਰਤ ਸਿੰਘ

Adda247 GET IT ON Google Play

98. ਨਜਾਬਤ ਰਚਿਤ 'ਨਾਦਰਸ਼ਾਹ ਦੀ ਵਾਰ' ਵਿਚ ਕਿਹੜੇ ਪੌਰਾਣਿਕ ਪਾਤਰਾਂ ਨੂੰ ਲੜਾਈ ਦੀ ਉਕਸਾਹਟ ਦਾ ਕਾਰਨ ਬਣਾਇਆ ਗਿਆ ਹੈ–

1 ਅਜਾਮਲ ਤੇ ਇਸਮਾਈਲ
2 ਜ਼ਬਰਾਈਲ ਤੇ ਮੈਕਾਈਲ
3 ਕਲ ਤੇ ਨਾਰਦ
4 ਮੰਥਰਾ ਤੇ ਯਮਦੂਤ

99. 'ਸਿੱਖਿਆ ਮਨੋਵਿਗਿਆਨ' ਅਧਿਆਪਕ ਨੂੰ ਕਿਸਦੀ ਪ੍ਰਕਿਰਤੀ ਸਮਝਣ ਵਿਚ ਮਦਦ ਕਰਦਾ ਹੈ –

1 ਵਾਤਾਵਰਨ
2 ਸਿੱਖਿਆਰਥੀ
3 ਮਾਪੇ
4 ਲੋਕ

100. ਅਜਮੇਰ ਸਿੰਘ ਔਲਖ ਦਾ ਪਹਿਲਾ ਪੂਰਾ ਨਾਟਕ ਕਿਹੜਾ ਸੀ :

1 ਕਿਹਰ ਸਿੰਘ ਦੀ ਮੌਤ
2 ਸੱਤ ਬਗਾਨੇ
3 ਝਨਾਂ ਦੇ ਪਾਣੀ
4 ਇਕ ਸੀ ਦਰਿਆ

101. ਡਾ. ਜਸਵਿੰਦਰ ਸਿੰਘ ਨੇ ਸਭਿਆਚਾਰ ਦਾ ਨਿਰਮਾਣਕਾਰੀ ਅੰਗ ਮੰਨਿਆ ਹੈ –

1 ਪੈਟਰਨ
2 ਨਸਲੀ ਤੱਤ
3 ਰੀਤੀ – ਰਿਵਾਜ਼
4 ਪਹਿਰਾਵਾ

102. "ਸ਼ਾਹ ਮੁਹੰਮਦ ਦਾ ਜੰਗਨਾਮਾ 19ਵੀਂ ਸਦੀ ਦੀ ਕਵਿਤਾ ਵਿਚ ਇਕ ਮੀਲ ਪੱਥਰ ਹੈ। ਆਧੁਨਿਕ ਵਿਚਾਰਧਾਰਕ ਕਵਿਤਾ ਦਾ ਇਥੋਂ ਹੀ ਉਦੈ ਹੋ ਜਾਂਦਾ ਹੈ।"
ਸ਼ਾਹ ਮੁਹੰਮਦ ਦੇ ਜੰਗਨਾਮੇ ਸੰਬੰਧੀ ਉਪਰੋਕਤ ਸਤਰਾਂ ਕਿਸ ਵਿਦਵਾਨ ਦੀਆਂ ਹਨ –

1 ਸੁਤਿੰਦਰ ਸਿੰਘ ਨੂਰ
2 ਅਤਰ ਸਿੰਘ
3 ਕੁਲਬੀਰ ਸਿੰਘ ਕਾਂਗ
4 ਜੀਤ ਸਿੰਘ ਜੋਸ਼ੀ

103. ਪ੍ਰਾਚੀਨ ਸਿੱਖ, ਵਿਆਹ–ਪ੍ਰਬੰਧਾਂ ਅਤੇ ਰਿਸ਼ਤਾ–ਨੱਾਤਾ ਪ੍ਰਬੰਧਾਂ ਦੀ ਆਧੁਨਿਕ ਭਾਸ਼ਾ ਵਿਗਿਆਨਕ ਸਿਧਾਂਤਾਂ ਅਨੁਕੂਲ ਵਿਆਖਿਆ ਕਰਨ ਵਾਲ ਪੱਛਮੀ ਸਿਧਾਂਤਕਾਰ ਹੈ –

1 ਚੌਮਸਕੀ
2 ਵੀ. ਪਰਾਪ
3 ਮਿਸ਼ੈਲ ਫੂਕੋ
4 ਲੈਵੀ ਸਤਰੌਸ਼

104. ਜੰਵ ਦੇ ਰੋਟੀ ਖਾਣ ਸਮੇਂ ਦੀ ਇਕ ਰੀਤ ਨੂੰ ਪੂਰਬੀ ਪੰਜਾਬ ਵਿਚ 'ਜੰਵ ਬੰਨਣੀ' ਕਿਹਾ ਜਾਂਦਾ ਹੈ, ਇਸੇ ਰੀਤ ਨੂੰ 'ਪੋਠੋਹਾਰ' ਵਿਚ ਕਹਿੰਦੇ ਹਨ –

1 ਥਾਲ
2 ਮਨੌਤ
3 ਜਕਾਤ
4 ਮੁੰਦਾਵਣੀ

105. "ਊ, ਓ, ਔ" ਸਵਰ ਹਨ –

1 ਅਗਲੇ
2 ਵਿਚਲੇ
3 ਪਿਛਲੇ
4 ਅਗਲੇ ਤੇ ਵਿਚਲੇ

106. 'ਗਗਨ ਮੈਂ ਥਾਲ' ਗੁਰੂ ਨਾਨਕ ਦੇਵ ਜੀ ਦੇ ਜੀਵਨ-ਸਮਾਚਾਰਾਂ ਨਾਲ ਸੰਬੰਧਤ ਨਾਟਕ ਦੇ ਕਰਤਾ ਹਨ –

1 ਹਰਚਰਨ ਸਿੰਘ
2 ਬਲਵੰਤ ਗਾਰਗੀ
3 ਗੁਰਦਿਆਲ ਸਿੰਘ ਫੁੱਲ
4 ਕਰਤਾਰ ਸਿੰਘ ਦੁੱਗਲ

107. ਫ਼ਾਰਸੀ ਭਾਸ਼ਾ ਦੀਆਂ ਧੁਨੀਆਂ ਨੂੰ ਗੁਰਮੁਖੀ ਲਿਪੀ ਵਿਚ ਸਰਬ ਪ੍ਰਥਮ ਕਿਸ ਪੁਸਤਕ ਵਿਚ ਲਿਖਣ ਦਾ ਯਤਨ ਕੀਤਾ ਗਿਆ –

1 ਬ੍ਰਹਮ ਗਿਆਨ
2 ਪੰਜਾਬੀ ਬਾਤਚੀਤ
2 ਭਾਈ ਮਈਆ ਸਿੰਘ ਰਚਿਤ ਪੰਜਾਬੀ ਕੋਸ਼
4 ਜੰਗਨਾਮਾ

108. ਕਿਹੜਾ ਵਿਦਵਾਨ ਲੋਕਯਾਨ ਨੂੰ 'ਸਭਿਆਚਾਰ ਦਾ ਸ਼ੀਸ਼ਾ' ਵੀ ਕਹਿੰਦਾ ਹੈ –

1 ਦੇਵਿੰਦਰ ਸਤਿਆਰਥੀ
2 ਡਾ. ਜੋਗਿੰਦਰ ਸਿੰਘ ਕੈਰੋਂ
3 ਡਾ. ਜਸਵਿੰਦਰ ਸਿੰਘ
4 ਡਾ. ਮਹਿੰਦਰ ਸਿੰਘ ਰੰਧਾਵਾ

Adda247
GET IT ON Google Play

109. ਕਰਮਣੀ ਵਾਚ ਤੇ ਭਾਵ ਵਿਚ ਉਭਰਵਾਂ ਵਖਰੇਵਾਂ ਮਿਲਦਾ ਹੈ –

1 ਮਾਝੀ
2 ਮਲਵਈ
3 ਪੁਆਧੀ
4 ਦੋਆਬੀ

110. ਭਾਸ਼ਾ ਵਿਗਿਆਨੀਆਂ ਨੇ ਅਖੰਡੀ ਲਿਪਾਂਕ 'ਸੁਰ' ਨੂੰ ਅੰਕਿਤ ਕਰਨ ਲਈ ਕਿਸ ਚਿੰਨ੍ਹ ਦਾ ਸੁਝਾਅ ਦਿੱਤਾ ਹੈ –

1 ਸਿੱਧੀ ਲਕੀਰ
2 ਤਿਰਛੀ ਲਕੀਰ
3 ਛੁੱਟ ਮਰੋੜੀ
4 ਦੁਬਿੰਦੀ

111. ਭਾਰਤੀ ਕਾਵਿ ਸ਼ਾਸਤਰ ਵਿਚ ਸਾਧਾਰਨੀਕਰਨ ਦੇ ਸਿਧਾਂਤ ਦੇ ਜਨਮ ਅਥਵਾ ਮੂਲ ਉਤਪਤੀ ਦੀ ਕਲਪਨਾ ਕਰਨਵਾਲ ਆਚਾਰੀਆਂ ਹੈ।–

1 ਮੰਮਟ
2 ਵਿਸ਼ਵਨਾਥ
3 ਭੱਟ ਲੋਲਟ
4 ਭੱਟ ਨਾਇਕ

112. ਗੁਰਦਿਆਲ ਸਿੰਘ ਫੁੱਲ ਦਾ 55 ਪਾਤਰਾਂ ਵਾਲਾ ਕਿਹੜਾ ਪ੍ਰਸਿੱਧ ਨਾਟਕ ਗੁਰਸ਼ਰਨ ਸਿੰਘ ਨੇ ਪੰਜ ਅਦਾਕਾਰਾਂ ਨਾਲ ਖੇਡਿਆ:

1 ਸਭੁ ਕਿਛੁ ਹੋਤ ਉਪਾਇ
2 ਜਿਨ ਸਚੁ ਪਲੈ ਹੋਇ
3 ਬੈਕ
4 ਕਲਿਜੁਗ ਰਥੁ ਅਗਨਿ ਕਾ

113. ਹਾਫਿਜ਼ ਬਰਖ਼ੁਰਦਾਰ ਦੇ ਕਿੱਸੇ ਯੂਸਫ ਜ਼ੁਲੈਖਾਂ ਵਿਚ ਯਾਕੂਬ ਕੌਣ ਹੈ:

1 ਯੂਸਫ਼ ਦਾ ਪਿਤਾ
2 ਜ਼ੁਲੈਖਾਂ ਦਾ ਪਿਤਾ
3 ਯੂਸਫ਼ ਦਾ ਦੋਸਤ
4 ਜ਼ੁਲੈਖਾਂ ਦਾ ਚਾਚਾ

114. 'ਅਧਿਆਪਨ ਮਾਡਲ' ਦਾ ਪਹਿਲਾ ਆਧਾਰਭੂਤ ਤੱਤ ਹੈ –

1 ਮੁਲਾਂਕਣ
2 ਸੰਰਚਨਾ
3 ਸਮਾਜਿਕ ਸਿਸਟਮ
4 ਕੇਂਦਰ ਬਿੰਦੂ

115. ਪ੍ਰਿੰ. ਸੰਤ ਸਿੰਘ ਸੇਖੋਂ ਨੇ ਕਿਸ ਸਾਹਿਤ ਰੂਪ ਨੂੰ 'ਗੱਦ ਬਿਰਤਾਂਤ ਵਿਚ ਕਿਸੇ ਵਿਸ਼ੇਸ਼ ਘਟਨਾ–ਪ੍ਰਬੰਧ ਨੂੰ ਵਿਆਪਕ ਰੂਪ ਦੇਣ ਦੀ ਕਲਾ' ਕਿਹਾ ਹੈ –

1 ਨਿਬੰਧ
2 ਨਾਟਕ
3 ਇਕਾਂਗੀ
4 ਨਾਵਲ

116. ਫੇਰ ਸੁਲਤਾਨ ਬਾਹੂ ਇਕ ਹੋਇਆ, ਖ਼ਾਸਾ ਮਰਦ ਹਕਾਨੀ।
ਦੋਹੜੇ ਪਾਕ ਜ਼ੁਬਾਨ ਉਹਦੀ ਦੇ, ਰੌਸ਼ਨ ਦੋਹੀ ਜਹਾਨੀ।
ਇਹ ਕਾਵਿ–ਟਿਪਣੀ ਕਿਸਦੀ ਹੈ –

1 ਅਹਿਮਦ ਯਾਰ
2 ਮੁਹੰਮਦ ਬਖ਼ਸ਼
3 ਹਾਫਿਜ਼ ਬਰਖ਼ੁਰਦਾਰ
4 ਡਾ. ਫ਼ਕੀਰ ਮੁਹੰਮਦ ਫ਼ਕੀਰ

117. ਬੰਡੂਰਾ (Bandura) ਦੇ ਸਮਾਜਿਕ ਸਿੱਖਣ ਸਿਧਾਂਤ ਦੀ ਇੱਕ ਪ੍ਰਕਿਰਿਆ ਹੈ –

1 ਪ੍ਰਤਿਬਿੰਬਣ (Reflection)
2 ਪ੍ਰਤਿਗਮਨ (Regression)
3 ਧਾਰਨਾ (Retention)
4 ਪ੍ਰਤੱਖੀਕਰਨ (Perception)

118. ਡਾ. ਨਾਹਰ ਸਿੰਘ ਅਨੁਸਾਰ ਪ੍ਰਮਾਣਿਕ ਲੋਕ ਗੀਤ ਦਾ ਉਚਾਰ ਨਿਸ਼ਚੇ ਹੀ ਹੁੰਦਾ ਹੈ –

1 ਟਕਸਾਲੀ
2 ਸੁਰ ਪ੍ਰਧਾਨ
3 ਸਾਹਿਤਕ
4 ਉਪ–ਭਾਸ਼ਾਈ

119. ਪਰਵਾਸੀ ਲੋਕਾਂ ਦੀਆਂ ਜੀਵਨ ਸਮੱਸਿਆਵਾਂ ਨੂੰ ਪੇਸ਼ ਕਰਦਾ –

1 ਕੈਮਲੂਪਸ ਦੀਆਂ ਮੱਛੀਆਂ
2 ਰਿਸ਼ਤਿਆਂ ਦਾ ਕੀ ਰੱਖੀਏ ਨਾਂ
3 ਸ਼ੋਸ਼ਲ ਸਰਕਲ
4 ਅਤੀਤ ਦੇ ਪਰਛਾਵੇਂ

Adda247 GET IT ON Google Play

**120.** 'ਸਹਿਕਾਰੀ ਸਿੱਖਣ' (Co-operative Learning) ਦੀ ਬੁਨਿਆਦੀ ਵਿਸ਼ੇਸ਼ਤਾ ਹੈ –
1 ਵਿਸ਼ੇ-ਵਸਤੂ ਕੇਂਦਰਿਤ
2 ਪ੍ਰਤਿਯੋਗੀ ਵਾਤਾਵਰਨ
3 ਸਮਾਜਿਕ ਸਿੱਖਣ
4 ਵਿਅਕਤੀਗਤ ਯਤਨ

**121.** ਅਕਾਰਨ ਨਾਮਕਤਾ ਦੀ ਤਰਸਾਰ ਹੈ –
1 ਮਲਵਈ
2 ਮਾਝੀ
3 ਦੋਆਬੀ
4 ਡੋਗਰੀ

**122.** ਹੇਠ ਲਿਖੇ ਵਿਚੋਂ ਕਿਸ ਲੋਕ-ਨਾਟ ਦਾ ਨਾਮਕਰਨ ਇਕ ਸ਼ਹਿਜ਼ਾਦੀ ਦੀ ਪ੍ਰੇਮ-ਗਾਥਾ ਦੇ ਗੀਤ-ਨਾਟ ਵਿਚੋਂ ਹੋਇਆ –
1 ਪੁਤਲੀ
2 ਰਾਸ-ਲੀਲ੍ਹਾ
3 ਨੌਟੰਕੀ
4 ਉਪਰੋਕਤ ਸਾਰੇ

**123.** ਪੁਲਿਸ ਪ੍ਰਬੰਧ ਉੱਤੇ ਚੋਟ ਕਰਦਾ ਹੋਇਆ ਅਜਮੇਰ ਔਲਖ ਦਾ ਨਾਟਕ ਹੈ –
1 ਭੱਜੀਆਂ ਬਾਹੀ
2 ਕਿਹਰ ਸਿੰਘ ਦੀ ਮੌਤ
3 ਗਾਨੀ
4 ਅੰਨ੍ਹੇ ਨਿਸ਼ਾਨਚੀ

**124.** 'ਤਤਪਰਤਾ' ਦਾ ਸੰਸਥਾਪਕ ਹੈ –
1 ਪਾਵਲਵ (Pavlov)
2 ਵਾਟਸਨ (Watson)
3 ਸਕਿਨਰ (Skinner)
4 ਥਾਰਨਡਾਈਕ (Thorndike)

**125.** ਹੇਠ ਲਿਖੇ ਵਿਚੋਂ ਕਿਹੜੀ ਕੰਪਿਊਟਰ ਸਹਾਇਕ ਅਨੁਦੇਸ਼ਨ (Computer Aided Instruction) ਦੀ ਆਧਾਰਭੂਤ ਵਿਸ਼ੇਸ਼ਤਾ ਹੈ –
1 ਸਵੈ-ਗਤੀ (Self Pacing)
2 ਅਨੁਦੇਸ਼ਨ ਦੀ ਕਠੋਰਤਾ (Rigidity of Instruction)
3 ਵਿਲੰਬਿਤ ਫੀਡਬੈਕ (Delayed Feedback)
4 ਅਨੁਦੇਸ਼ਨ ਵਿਧੀਆਂ ਦੀ ਇਕਰੂਪਤਾ (Uniformity in method of Instruction)

**126.** ਚੌਮਸਕੀ ਦੁਆਰਾ ਸਥਾਪਤ ਭਾਸ਼ਾ ਵਿਗਿਆਨ ਦੇ ਸਕੂਲ ਦੀਆਂ ਮੁੱਖ ਰੂਪ ਵਿਚ ਵਿਸ਼ੇਸ਼ਤਾਵਾਂ ਦੀ ਗਿਣਤੀ ਹੈ –
1 ਦੋ
2 ਤਿੰਨ
3 ਚਾਰ
4 ਪੰਜ

**127.** 'ਹੀਰ-ਰਾਂਝੇ' ਦੀ ਪ੍ਰੀਤ-ਕਥਾ ਦਾ ਮੂਲ ਆਧਾਰ ਯੂਨਾਨੀ ਕਥਾ 'ਹੀਰੋ ਲਿਆਂਡਰ' ਬਾਰੇ ਸੰਭਾਵਨਾ ਪ੍ਰਗਟਾਉਣ ਵਾਲਾ ਸਾਹਿਤ ਦਾ ਇਤਿਹਾਸਕਾਰ ਹੈ –
1 ਡਾ. ਜੀਤ ਸਿੰਘ ਸ਼ੀਤਲ
2 ਡਾ. ਗੋਪਾਲ ਸਿੰਘ ਦਰਦੀ
3 ਡਾ. ਮੋਹਨ ਸਿੰਘ
4 ਡਾ. ਮੌਲਾ ਬਖ਼ਸ਼ ਕੁਸ਼ਤਾ

**128.** ਸਹੀ ਜੁੱਟ ਚੁਣੋ –

| (A) ਧਾਰਨਾ | (B) ਚਿੰਤਕ |
|---|---|
| (i) ਭਾਸ਼ਾ ਚਿੰਨ੍ਹਕਾਰੀ ਸਿਸਟਮ ਹੈ | ਹੈਲੀਡੇ |
| (ii) ਭਾਸ਼ਾ ਸਿਸਟਮਾਂ ਦਾ ਸਿਸਟਮ ਹੈ | ਸੀ. ਐੱਲ. ਬਾਰਬਰ |
| (iii) ਭਾਸ਼ਾ ਚਿੰਨ੍ਹਾਂ ਦੀ ਪ੍ਰਣਾਲੀ ਹੈ | ਸੌਸਿਊਰ |
| (iv) ਭਾਸ਼ਾ ਸੰਬੰਧਾਂ ਦੀ ਵਿਵਸਥਾ ਹੈ | ਚੌਮਸਕੀ |

1 (ii)
2 (iii)
3 (i)
4 (iv)

**129.** ਸੌਸਿਊਰ ਨੇ ਭਾਸ਼ਾ ਦੇ ਇਕਾਲਕ ਅਧਿਅਨ ਤੇ ਇਸ ਲਈ ਜ਼ੋਰ ਦਿਤਾ –
1 ਚਿਹਨਕ ਅਤੇ ਚਿਹਨਤ ਵਿਚ ਕੋਈ ਕੁਦਰਤਾਂ ਜਾਂ ਪਰੰਪਰਿਕ ਸੰਬੰਧ ਨਹੀਂ ਹੁੰਦਾ ਵਾੜੀ
2 ਚਿਹਨਕ ਦਾ ਕੋਈ ਅਜਿਹਾ ਪਹਿਲੂ ਨਹੀਂ, ਜੋ ਸਮੇਂ, ਸਥਾਨ ਦੀਆਂ ਬੰਦਿਸ਼ਾਂ ਤੋਂ ਮੁਕਤ ਹੋਵੇ।
3 ਭਾਸ਼ਾਈ ਪਰਿਵਰਤਨ ਭਾਸ਼ਾਈ ਉਚਾਰ ਵਿ ਸ਼ੁਰੂ ਹੁੰਦਾ ਹੈ
4 ਉਪਰੋਕਤ ਸਾਰੇ।

Adda247 GET IT ON Google Play

130. 'ਕੁਸ਼ਤੇ' ਦਾ ਸਬੰਧ ਕਿਸ ਨਾਲ ਹੈ :

1 ਲੋਕ ਚਿਕਿਤਸਾ ਨਾਲ
2 ਲੋਕ ਵਿਸ਼ਵਾਸ ਨਾਲ
3 ਲੋਕ ਖੇਡਾਂ ਨਾਲ
4 ਲੋਕ ਧਰਮ ਨਾਲ

131. ਭਾਵ ਵਾਚ ਦਾ ਉਦੇਸ਼ –

1 ਕਰਤਾ ਹੁੰਦਾ ਹੈ
2 ਕਰਮ ਹੁੰਦਾ ਹੈ
3 ਕਰਤਾ ਤੇ ਕਰਮ ਹੁੰਦਾ ਹੈ
4 ਹੁੰਦਾ ਹੀ ਨਹੀਂ

132. ਕੋਈ ਤੁੰਬਦੀ ਹੈ, ਕੋਈ ਪੀਂਹਦੀ ਹੈ, ਕੋਈ ਛੜਦੀ ਹੈ, ਕੋਈ ਸੀਊਂਦੀ ਹੈ, ਕੋਈ ਪਰੋਂਦੀ ਹੈ, ਕੋਈ ਵੇਲਾਂ ਬੂਟੇ ਕੱਢਦੀ ਹੈ।..... ਜਦ ਰਾਤ ਚਾਨਣੀ ਖਿੜਦੀ ਹੈ, ਕੋਈ ਰਾਗ ਇਲਾਹੀ ਛਿੜਦਾ ਹੈ। ਗਿੱਧੇ ਨੂੰ ਲੋਹੜਾ ਆਉਂਦਾ ਹੈ, ਜੋਬਨ ਤੇ ਬਿਰਹਾਂ ਭਿੜਦਾ ਹੈ।"
ਉਪਰੋਕਤ ਪੰਜਾਬੀ ਸਭਿਆਚਾਰ ਦੇ ਝਲਕਾਰੇ ਮਾਰਦੀ ਕਵਿਤਾ ਕਿਸ ਕਵੀ ਦੀ ਰਚਨਾ ਹੈ –

1 ਬਾਬੂ ਫਿਰੋਜ਼ਦੀਨ ਸ਼ਰਫ਼
2 ਸ਼ਿਵ ਕੁਮਾਰ ਬਟਾਲਵੀ
3 ਪ੍ਰੋ. ਪੂਰਨ ਸਿੰਘ
4 ਧਨੀ ਰਾਮ ਚਾਤ੍ਰਿਕ

133. 'ਬ੍ਰਿਹਸਪਤੀ' (ਸਵੈ-ਜੀਵਨੀ) ਦਾ ਕਰਤਾ ਹੈ –

1 ਡਾ. ਐੱਸ. ਤਰਸੇਮ
2 ਦੇਵਿੰਦਰ ਸਤਿਆਰਥੀ
3 ਸੰਤੋਖ ਸਿੰਘ ਧੀਰ
4 ਸੰਤ ਸਿੰਘ ਸੇਖੋਂ

134. ਨੀ ਮਾਏ ਮੈਨੂੰ ਖੇੜਿਆਂ ਧੀ ਗੱਲ ਨਾ ਆਖ । ਰਾਂਝਣ ਮੈਂਡਾ ਮੈਂ ਰਾਂਝਣ ਦੀ ਖੇੜਿਆਂ ਨੂੰ ਕੂੜੀ ਝਾਕ।
ਉਪਰੋਕਤ ਸਤਰਾਂ ਕਿਸ ਸ਼ਾਇਰ ਦੀਆਂ ਹਨ –

1 ਦਮੋਦਰ
2 ਵਾਰਿਸ ਸ਼ਾਹ
3 ਬੁੱਲ੍ਹੇ ਸ਼ਾਹ
4 ਸ਼ਾਹ ਹੁਸੈਨ

135. ਇਹਨਾਂ ਵਿਚ ਕਿਹੜੀ ਪੁਸਤਕ ਮਨਮੋਹਨ ਬਾਵਾ ਦਾ ਸਫਰਨਾਮਾ ਨਹੀਂ ਹੈ –

1 ਜੰਗਲ ਜੰਗਲ ਪਰਬਤ ਪਰਬਤ
2 ਆਓ ਚੱਲੀਏ ਬਰਫਾਂ ਦੇ ਪਾਰ
3 ਅਣਡਿੱਠੇ ਅਤੇ ਉੱਚੇ ਪਰਬਤ
4 ਅਫਗਾਨਿਸਤਾਨ ਦੀ ਉਰਸੁਲਾ

136. ਨਾ ਕੋਈ ਆਖਹੁ 'ਹੀਰੇ' ਮੈਨੂੰ, ਨਾ ਕੋਈ ਆਖ ਸਲੇਟੀ। ਜਾਤ ਸਨਾਤ ਪਛਾਣੋ ਨਾਹੀਂ, ਮੈਂ ਚਾਕੇ ਨਾਲ ਚਕੇਟੀ।'
ਇਹਨਾਂ ਸਤਰਾਂ ਦੇ ਰਚਨਾਕਾਰ ਹਨ –

1 ਸ਼ਾਹ ਹੁਸੈਨ
2 ਵਾਰਿਸ ਸ਼ਾਹ
3 ਦਮੋਦਰ
4 ਬੁਲ੍ਹੇ ਸ਼ਾਹ

137. 'ਨਿੱਕੀ ਕਹਾਣੀ ਸਾਧਾਰਣ ਮਨੁੱਖ ਨੂੰ ਉਸਦੀ ਸਾਧਾਰਣਤਾ ਵਿਚ ਪੇਸ਼ ਕਰਨ ਦੀ ਲੋਚਾ ਤੋਂ ਉਪਜੀ ਹੈ।' ਇਹ ਧਾਰਨਾ ਕਿਸ ਦੀ ਹੈ –

1 ਡਾ. ਅਤਰ ਸਿੰਘ
2 ਸੰਤ ਸਿੰਘ ਸੇਖੋਂ
3 ਡਾ. ਕੇਸਰ ਸਿੰਘ ਕੇਸਰ
4 ਸੰਤੋਖ ਸਿੰਘ ਧੀਰ

138. ਲੋਕ-ਕਾਵਿ ਦਾ ਵਰਗੀਕਰਨ ਸੰਚਾਰਾਤਮਿਕ ਆਧਾਰ 'ਤੇ ਕਰਨ ਵਾਲਾ ਲੋਕਧਾਰਾ ਸ਼ਾਸ਼ਤਰੀ ਹੈ –

1 ਡਾ. ਜਸਵਿੰਦਰ ਸਿੰਘ
2 ਡਾ. ਕਰਨੈਲ ਸਿੰਘ ਥਿੰਦ
3 ਡਾ. ਭੁਪਿੰਦਰ ਸਿੰਘ ਖਹਿਰਾ
4 ਡਾ. ਨਾਹਰ ਸਿੰਘ

139. ਉਚਾਰਨ-ਪ੍ਰਣਾਲੀ ਦਾ ਇਕ ਯੂਨਿਟ ਜੋ ਧੁਨੀ ਤੋਂ ਵਡੇਰਾ ਤੇ ਸ਼ਬਦ ਤੋਂ ਛੋਟੇਰਾ ਹੈ –

1 ਧੁਨੀਮ
2 ਰੂਨੀਮ
3 ਉਚਾਰ ਖੰਡ
4 ਧੁਨੀ ਗ੍ਰਾਮ

140. ਨੌ ਲਖ ਪਾਤਰਿ ਆਗੇ ਨਾਚੈ, ਪੀਛੇ ਸਹਜ ਅਖਾੜਾ। ਐਸੇ ਮਨ ਲੈ ਜੋਗੀ ਖੇਲੈ, ਤਬ ਅੰਤਰਿ ਬਸੇ ਭੰਡਾਰਾ।'
ਉਪਰੋਕਤ ਸਤਰਾਂ ਕਿਸ ਨਾਥ-ਜੋਗੀ ਕਵੀ ਨਾਲ ਸੰਬੰਧਿਤ ਹਨ –

1 ਗੋਰਖ ਨਾਥ
2 ਚਰਪਟ ਨਾਥ
3 ਚੌਰੰਗੀ ਨਾਥ
4 ਰਤਨ ਨਾਥ

Adda247 GET IT ON Google Play

141. "ਬੈਠ ਸੁਹਾਂ ਦੀ ਉੱਚੀ ਕੰਧੀ, ਰੋਸ਼ਨ ਰਹਿੰਦੀ ਦੁਨੀਆਂ ਸੰਦੀ,
ਜਿਉਂ ਜਿਉਂ ਰੁਮਕੇ ਹਵਾ ਪੁਰੇ ਦੀ, ਤਿਉਂ ਤਿਉਂ ਆਵਣ ਪਿਆਰੀ ਯਾਦਾਂ ਤੇਰੀਆਂ।"
ਉਪਰੋਕਤ ਸਤਰਾਂ ਕਿਸ ਕਵੀ ਦੀਆਂ ਹਨ :

1 ਪ੍ਰੀਤਮ ਸਿੰਘ ਸਫੀਰ
2 ਅੰਮ੍ਰਿਤਾ ਪ੍ਰੀਤਮ
3 ਪ੍ਰੋ. ਮੋਹਨ ਸਿੰਘ
4 ਪ੍ਰੋ. ਪੂਰਨ ਸਿੰਘ

142. ਨਿਰਮਾਣਕਾਰੀ ਪਹੁੰਚ (Constructivist approach) ਅਨੁਸਾਰ ਅਧਿਆਪਕ ਦੀ ਭੂਮਿਕਾ ਹੈ –

1 ਲੈਕਚਰਾਰ (Lecturer)
2 ਸੁਵਿਧਾ ਦੇਣ ਵਾਲਾ (Facilitator)
3 ਤਾਨਾਸ਼ਾਹ (Dictator)
4 ਮੁਲਾਂਕਣ-ਕਰਤਾ (Evaluator)

143. 'ਪੰਜਾਬ ਕਲਾ ਮੰਚ, ਪਟਿਆਲਾ' ਦਾ ਸੰਬੰਧ ਕਿਸ ਰੰਗ-ਕਰਮੀ ਨਾਲ ਹੈ –

1 ਹਰਚਰਨ ਸਿੰਘ
2 ਸ਼ੀਲਾ ਭਾਟੀਆ
3 ਸਤੀਸ਼ ਵਰਮਾ
4 ਹਰਪਾਲ ਟਿਵਾਣਾ

144. "ਸਿੱਖਿਆ ਮਨੋਵਿਗਿਆਨ ਸਿੱਖਿਆ ਦਾ ਵਿਗਿਆਨ ਹੈ।" ਇਸਦੇ ਪਰਿਭਾਸ਼ਾਕਾਰ ਹਨ –

1 ਕ੍ਰੋ ਅਤੇ ਕ੍ਰੋ (Crow and Crow)
2 ਪੀਲ (Peel)
3 ਗੇਟਸ (Gates)
4 ਵਿਲੀਅਮ ਜੇਮਜ (William James)

145. ਦਿੱਲੀ ਅੰਦਰ ਫਿਰ ਗਿਆ, ਹੋਕਾ ਸਹਿਰ ਬਜ਼ਾਰ, ਇਕ ਸੁਦਾਗਰ ਬਲਖ ਥੀਂ ਆਇਆ ਕਰਨ ਵਪਾਰ।
ਉਪਰੋਕਤ ਤੁਕਾਂ ਕਿਸ ਕਿੱਸਾਕਾਰ ਦੁਆਰਾ ਰਚਿਤ ਹਨ: –

1 ਦਮੋਦਰ
2 ਪੀਲੂ
3 ਵਾਰਿਸ਼ ਸ਼ਾਹ
4 ਕਾਦਰਯਾਰ

146. ਪੰਜਾਬੀ ਨਾਟਕ ਦੇ ਪ੍ਰਸੰਗ ਵਿਚ ਪਹਿਲੀ ਵਾਰ ਦੁਆਬੇ ਦਾ ਆਂਚਲਿਕ ਰੰਗ ਉਸਾਰਨ ਦਾ ਸਫਲ ਉਪਰਾਲਾ ਕਿਸਨੇ ਕੀਤਾ –

1 ਚਰਨ ਦਾਸ ਸਿੱਧੂ
2 ਆਤਮਜੀਤ
3 ਅਜਮੇਰ ਔਲਖ
4 ਬਲਵੰਤ ਗਾਰਗੀ

147. ਫਰੀਦਾ ਦਰ ਦਰਵੇਸੀ ਗਾਖੜੀ, ਚਲਾਂ ਦੁਨੀਆਂ ਭਤਿ॥
ਉਪਰੋਕਤ ਸਤਰ ਵਿਚ 'ਗਾਖੜੀ' ਸ਼ਬਦ ਦਾ ਕੀ ਅਰਥ ਹੈ –

1 ਦਰਗਾਹ
2 ਚੱਲਣਾ
3 ਕਠਿਨ
4 ਆਸਾਨ

148. ਮਾਝੇ ਦੇ ਪੇਂਡੂ ਜੀਵਨ ਨਾਲ ਸੰਬੰਧਿਤ ਵੱਖ-ਵੱਖ ਵਿਸ਼ਿਆਂ ਨੂੰ ਪੇਸ਼ ਕਰਨ ਵਾਲਾ ਪਹਿਲਾਂ ਨਾਵਲਕਾਰ ਹੈ –

1 ਗੁਰਦਿਆਲ ਸਿੰਘ
2 ਰਾਮ ਸਰੂਪ ਅਣਖੀ
3 ਸੋਹਣ ਸਿੰਘ ਸ਼ੀਤਲ
4 ਕਰਮਜੀਤ ਕੁੱਸਾ

149. ਪ੍ਰਿੰ. ਸੰਤ ਸਿੰਘ ਸੇਖੋਂ ਰਚਿਤ ਨਾਵਲ ਹੈ –

1 ਲਹੂ ਮਿੱਟੀ
2 ਭਗੌੜਾ
3 ਵਾਰਿਸ
4 ਕਲਾਕਾਰ

150. "…. ਇਕ ਦਰਮਿਆਨੇ ਜਿਹੇ ਆਕਾਰ ਦੀ ਉਹ ਰਚਨਾ ਹੈ, ਜਿਸ ਰਾਹੀਂ ਲੇਖਕ ਕਿਸੇ ਵੀ ਵਿਸ਼ੇ ਜਾਂ ਮਸਲੇ ਬਾਰੇ ਆਪਣੇ ਵਿਚਾਰ ਸੁਲਝੇ ਹੋਏ ਢੰਗ ਨਾਲ ਵਿਵਸਥਿਤ ਰੂਪ ਵਿਚ ਪ੍ਰਗਟਾ ਰਿਹਾ ਹੋਵੇ।"
ਉਪਰੋਕਤ ਪਰਿਭਾਸ਼ਾ ਕਿਸ ਸਾਹਿਤ ਰੂਪ ਉੱਪਰ ਢੁੱਕਦੀ ਹੈ –

1 ਨਿੱਕੀ ਕਹਾਣੀ
2 ਨਿਬੰਧ
3 ਰੇਖਾ ਚਿੱਤਰ
4 ਰੁਬਾਈ

-----------------

Adda247
GET IT ON Google Play

Space for Rough Work / रफ कार्य के लिये जगह

Adda247